Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit **punjabipost.ca/epaper** | Vol 21* Issue 112 | Wednesday, June 08, 2022 | Tel: 905-793-2202 | Fax: 905-793-2282 | news@punjabipost.ca | *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*


## ਕਈ ਗੱਡੀਆਂ ਦੇ ਟਕਰਾਉਣ ਕਾਰਨ ਚਾਰ ਜ਼ਖ਼ਮੀ



ਓਨਟਾਰੀਓ, 7 ਜੂਨ (ਪੋਸਟ ਬਿਊਰੋ) : ਸੋਮਵਾਰ ਰਾਤ ਨੂੰ ਨੌਰਥ ਯੌਰਕ ਵਿੱਚ ਕਈ ਗੱਡੀਆਂ ਦੀ ਟੱਕਰ ਵਿੱਚ ਜ਼ਖ਼ਮੀ ਹੋ ਜਾਣ ਕਾਰਨ ਇੱਕ ਰਾਹਗੀਰ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ।

ਪੁਲਿਸ ਨੇ ਦੱਸਿਆ ਕਿ ਇਹ ਘਟਨਾ ਰਾਤੀਂ 8:30 ਵਜੇ ਦੇ ਨੇੜੇ ਤੇੜੇ ਬਲੈਕ ਕ੍ਰੀਕ ਡਰਾਈਵ ਤੇ ਟਰੈਥਵੇਅ ਡਰਾਈਵ ਦੇ ਇਲਾਕੇ ਵਿੱਚ ਵਾਪਰੀ। ਪੈਰਾਮੈਡਿਕਸ ਨੇ ਦੱਸਿਆ ਕਿ ਇੱਕ ਵਿਅਕਤੀ, ਜੋ ਕਿ ਆਪਣੇ 30ਵਿਆਂ ਵਿੱਚ ਸੀ, ਨੂੰ ਗੰਭੀਰ ਸੱਟਾਂ ਲੱਗੀਆਂ ਸਨ ਜਦਕਿ ਤਿੰਨ ਹੋਰਨਾਂ ਵਿਅਕਤੀਆਂ ਨੂੰ ਮਾਮੂਲੀ ਸੱਟਾ ਲੱਗੀਆਂ ਸਨ। ਪੁਲਿਸ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਤਿੰਨ ਡਰਾਈਵਰ ਸ਼ਾਮਲ ਸਨ। ਦੇਰ ਤੋਂ ਬਚਣ ਲਈ ਹੋਰਨਾਂ ਡਰਾਈਵਰਾਂ ਨੂੰ ਇਸ ਇਲਾਕੇ ਵਿੱਚ ਨਾ ਆ ਕੇ ਬਦਲਵੇਂ ਰੂਟ ਅਪਨਾਉਣ ਦੀ ਸਲਾਹ ਦਿੱਤੀ ਜਾ ਰਹੀ ਹੈ। ਟਰੈਫਿਕ ਸਰਵਿਸ ਵੱਲੋਂ ਇਸ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਇਮੀਗ੍ਰੇਸ਼ਨ ਮੰਤਰੀ ਵੱਲੋਂ ਸੁਪਰ ਵੀਜ਼ਾ ਪ੍ਰੋਗਰਾਮ ਵਿਚ ਵਾਧੇ ਦਾ ਐਲਾਨ

ਓਟਵਾ, 7 ਜੂਨ (ਪੋਸਟ ਬਿਊਰੋ) : ਮਹਾਂਮਾਰੀ ਤੋਂ ਬਾਹਰ ਆਉਣ ਲਈ ਅਸੀਂ ਹੱਥ ਪੱਲਾ ਮਾਰ ਰਹੇ ਹਾਂ ਤੇ ਅਜਿਹੇ ਵਿੱਚ ਕੈਨੇਡਾ ਸਰਕਾਰ ਵੱਲੋਂ ਪਰਿਵਾਰਾਂ ਨੂੰ ਮਿਲਾਉਣ ਲਈ ਕੋਸ਼ਿਸ਼ਾਂ ਜਾਰੀ ਰੱਖੀਆਂ ਜਾ ਰਹੀਆਂ ਹਨ। ਸਰਕਾਰ ਅਜਿਹਾ ਇਸ ਲਈ ਵੀ ਕਰ ਰਹੀ ਹੈ ਤਾਂ ਕਿ ਅਸੀਂ ਦੇਸ਼ ਦੀ ਸਫਲਤਾ ਵਿੱਚ ਯੋਗਦਾਨ ਪਾਉਣ ਵਾਲੇ ਇਮੀਗ੍ਰੈਂਟਸ ਨੂੰ ਆਕਰਸ਼ਿਤ ਕਰ ਸਕੀਏ, ਇੱਥੇ ਬਣਾਈ ਰੱਖ ਸਕੀਏ ਤੇ ਪਰਿਵਾਰਾਂ ਨੂੰ ਇੱਕਜੁੱਟ ਕਰ ਸਕੀਏ।



ਅੱਜ ਇਮੀਗ੍ਰੇਸ਼ਨ ਮੰਤਰੀ ਸ਼ਾਨ ਫਰੇਜ਼ਰ ਵੱਲੋਂ ਕੈਨੇਡਾ ਦੇ ਸੁਪਰ ਵੀਜ਼ਾ ਪ੍ਰੋਗਰਾਮ ਵਿੱਚ ਵਾਧੇ ਦਾ ਐਲਾਨ ਕੀਤਾ ਗਿਆ। ਇਸ ਤਰ੍ਹਾਂ ਦੇ ਵਾਧੇ ਨਾਲ ਕੈਨੇਡੀਅਨਜ਼ ਨੂੰ ਆਪਣੇ ਮਾਪਿਆਂ ਤੇ ਗ੍ਰੈਂਡਪੇਰੈਂਟਸ ਨਾਲ ਕੈਨੇਡਾ ਵਿੱਚ ਮੁੜ ਮਿਲਣਾ ਆਸਾਨ ਹੋਵੇਗਾ। ਇਸੇ ਤਰ੍ਹਾਂ ਸੁਪਰ ਵੀਜ਼ਾ ਹੋਲਡਰ ਲੰਮੇਂ ਸਮੇਂ ਤੱਕ ਦੇਸ਼ ਵਿੱਚ ਰਹਿ ਸਕਣਗੇ। ਇਹ ਤਬਦੀਲੀਆਂ 4 ਜੁਲਾਈ, 2022 ਤੋਂ ਪ੍ਰਭਾਵੀ ਹੋਣਗੀਆਂ, ਇਹ ਤਬਦੀਲੀਆਂ ਹੇਠ ਲਿਖੇ ਅਨੁਸਾਰ ਹਨ :

- ਹਰ ਵਾਰੀ ਕੈਨੇਡਾ ਦਾਖਲ ਹੋਣ ਉੱਤੇ ਸੁਪਰ ਵੀਜ਼ਾ ਹੋਲਡਰਜ਼ ਦੀ ਸਟੇਅ ਵਧਾ ਕੇ 5 ਸਾਲ ਕਰ ਦਿੱਤੀ ਗਈ ਹੈ। ਜਿਨ੍ਹਾਂ ਲੋਕਾਂ ਕੋਲ ਸੁਪਰ ਵੀਜ਼ਾ ਹੋਵੇਗਾ ਉਹ ਕੈਨੇਡਾ ਵਿੱਚ ਆਪਣੀ ਸਟੇਅ ਵਿੱਚ 2 ਸਾਲ ਦੇ ਵਾਧੇ ਦੀ ਅਪੀਲ ਵੀ ਕਰ ਸਕਦੇ ਹਨ। ਇਸ ਤੋਂ ਭਾਵ ਹੈ ਕਿ ਸੁਪਰ ਵੀਜ਼ਾ ਹੋਲਡਰ ਕੈਨੇਡਾ ਵਿੱਚ ਲਗਾਤਾਰ 7 ਸਾਲ ਲਈ ਰੁਕ ਸਕਣਗੇ।
- ਇਸ ਦੌਰਾਨ ਇਮੀਗ੍ਰੇਸ਼ਨ ਮੰਤਰੀ ਭਵਿੱਖ ਵਿੱਚ ਸੁਪਰ ਵੀਜ਼ਾ ਬਿਨੈਕਾਰਾਂ ਲਈ ਮੈਡੀਕਲ ਕਵਰੇਜ ਮੁਹੱਈਆ ਕਰਵਾਉਣ ਵਾਸਤੇ ਇੰਟਰਨੈਸ਼ਨਲ ਮੈਡੀਕਲ ਇੰਸ਼ੋਰੈਂਸ ਕੰਪਨੀਆਂ ਨੂੰ ਤੈਅ ਕਰ ਸਕਦੇ ਹਨ। ਇਸ ਸਮੇਂ ਸਿਰਫ ਕੈਨੇਡੀਅਨ ਇੰਸ਼ੋਰੈਂਸ ਕੰਪਨੀਆਂ ਹੀ ਸੁਪਰ ਵੀਜ਼ਾ ਹੋਲਡਰਜ਼ ਨੂੰ ਲੋੜੀਂਦੀ ਮੈਡੀਕਲ ਕਵਰੇਜ ਮੁਹੱਈਆ ਕਰਵਾ ਸਕਦੀਆਂ ਹਨ। ਕੈਨੇਡਾ ਤੋਂ ਬਾਹਰੋਂ ਮੈਡੀਕਲ ਇੰਸ਼ੋਰੈਂਸ ਦੇਣ ਵਾਲੀਆਂ ਤੈਅ ਕੀਤੀਆਂ ਕੰਪਨੀਆਂ ਬਾਰੇ ਜਾਣਕਾਰੀ ਆਉਣ ਵਾਲੇ ਦਿਨਾਂ ਵਿੱਚ ਆਈਆਰਸੀਸੀ ਦੀ ਵੈੱਬਸਾਈਟ ਉੱਤੇ ਦੇ ਦਿੱਤੀ ਜਾਵੇਗੀ।

## ਰੋਇਨਾ ਸਾਂਤੋਸ਼ ਮੁੜ ਐਫ ਸੀ ਐਮ ਦੇ ਬੋਰਡ ਵਿੱਚ ਹੋਈ ਨਿਯੁਕਤ

ਬਰੈਂਪਟਨ, 7 ਜੂਨ (ਪੋਸਟ ਬਿਊਰੋ) : ਆਪਣੀ ਸਾਲਾਨਾ ਜਨਰਲ ਮੀਟਿੰਗ ਵਿੱਚ ਫੈਡਰੇਸ਼ਨ ਆਫ ਕੈਨੇਡੀਅਨ ਮਿਊਂਸਪੈਲਿਟੀਜ਼ ( ਐਫ ਸੀ ਐਮ) ਵੱਲੋਂ ਐਲਾਨ ਕੀਤਾ ਗਿਆ ਕਿ ਬਰੈਂਪਟਨ ਤੋਂ ਰੀਜਨਲ ਕਾਊਂਸਲਰ ਰੋਇਨਾ ਸਾਂਤੋਸ਼ ਨੂੰ 2022 ਤੋਂ 2023 ਤੱਕ ਮੁੜ ਇੱਕ ਸਾਲ ਲਈ ਬੋਰਡ ਆਫ ਡਾਇਰੈਕਟਰਜ਼ ਵਿੱਚ ਚੁਣ ਲਿਆ ਗਿਆ ਹੈ।

1901 ਤੋਂ ਹੀ ਐਫ ਸੀ ਐਮ ਕੌਮੀ ਪੱਧਰ ਉੱਤੇ ਕੈਨਡਾ ਦੀਆਂ ਮਿਊਂਸਪਲ ਸਰਕਾਰਾਂ ਦੀ ਆਵਾਜ਼ ਬਣੀ ਹੋਈ ਹੈ। ਦੇਸ਼ ਭਰ ਦੀਆਂ 2,000 ਮਿਊਂਸਪੈਲਿਟੀਜ਼ ਤੋਂ ਵੀ ਵੱਧ ਲੋਕ ਇਸ ਦੇ ਮੈਂਬਰ ਹਨ, ਜੋ ਕਿ ਸਮੁੱਚੇ ਕੈਨੇਡੀਅਨਜ਼ ਵਿੱਚੋਂ 90 ਫੀ ਸਦੀ ਦੀ ਨੁਮਾਇੰਦਗੀ ਕਰਦੇ ਹਨ। ਫੈਡਰੇਸ਼ਨ ਆਫ ਕੈਨੇਡੀਅਨ ਮਿਊਂਸਪੈਲਿਟੀਜ਼ ਐਨੂਅਲ ਕਾਨਫਰੰਸ ਤੇ ਟਰੇਡ ਸ਼ੋਅ 2 ਤੋਂ 5 ਜੂਨ ਤੱਕ ਕਰਵਾਇਆ ਗਿਆ। ਇਸ ਦਾ ਥੀਮ ਟੁਗੈਦਰ ਫੌਰ ਰਿਕਵਰੀ ਸੀ। ਇਸ ਤਹਿਤ ਮਜ਼ਬੂਤ ਤੇ ਅਹਿਮ ਰਿਕਵਰੀ ਲਈ ਮਿਊਂਸਪੈਲਿਟੀਜ਼ ਦੀ ਭੂਮਿਕਾ ਨੂੰ ਅਹਿਮ ਦੱਸਿਆ



ਗਿਆ।

ਇਸ ਕਾਨਫਰੰਸ ਵਿੱਚ ਸਿਟੀ ਆਫ ਬਰੈਂਪਟਨ ਨਾਲ ਜੁੜੇ ਮੁੱਦਿਆਂ ਉੱਤੇ ਵਿਚਾਰ ਵਟਾਂਦਰਾ ਕਰਨ ਦਾ ਮੌਕਾ ਮਿਲਿਆ ਤੇ ਫੈਡਰਲ ਸਰਕਾਰ ਤੋਂ ਹੇਠ ਲਿਖੇ ਨੁਕਤਿਆਂ ਲਈ ਫੰਡ ਹਾਸਲ ਕਰਨ ਦੀ ਪੈਰਵੀ ਵੀ ਕੀਤੀ ਗਈ :

- ਬਿਹਤਰ ਟਰਾਂਜ਼ਿਟ ਦੇ ਨਿਰਮਾਣ ਪ੍ਰਤੀ ਵਚਨਬੱਧਤਾ
- ਟਰਾਂਸਪੋਰਟੇਸ਼ਨ ਸਬੰਧੀ ਇਨਫਰਾਸਟ੍ਰਕਚਰ ਤੇ ਪ੍ਰੋਗਰਾਮਾਂ ਨੂੰ ਬਿਹਤਰ ਢੰਗ ਨਾਲ ਲਾਗੂ ਕਰਨ ਲਈ ਫੰਡਾਂ ਦੀ ਦਰਕਾਰ
- ਕਲਾਈਮੇਟ ਚੇਂਜ ਬਾਰੇ ਅਗਾਊਂ ਤਿਆਰੀ ਕਰਨ ਲਈ ਨਿਵੇਸ਼
- ਆਰਥਿਕ ਵਿਕਾਸ, ਰੋਜ਼ਗਾਰ ਤੇ ਵਿਕਾਸ ਤੇ ਰਿਕਵਰੀ ਲਈ ਨਿਵੇਸ਼

## ਡੰਪਸਟਰ ਵਿੱਚੋਂ ਜਿਸ ਬੱਚੀ ਦਾ ਮਿਲਿਆ ਸੀ ਪਿੰਜਰ, ਪੁਲਿਸ ਨੇ ਜਾਰੀ ਕੀਤਾ ਉਸ ਦਾ ਸਕੈੱਚ



ਟੋਰਾਂਟੋ, 7 ਜੂਨ (ਪੋਸਟ ਬਿਊਰੋ) : ਪਿਛਲੇ ਮਹੀਨੇ ਜਿਸ ਨਿੱਕੀ ਬੱਚੀ ਦਾ ਪਿੰਜਰ ਡੰਪਸਟਰ ਵਿੱਚੋਂ ਮਿ-ਲਆ ਸੀ ਉਸ ਦਾ ਸਕੈੱਚ ਟੋਰਾਂਟੋ ਪੁਲਿਸ ਵੱਲੋਂ ਜਾਰੀ ਕੀਤਾ ਗਿਆ ਹੈ। ਇਸ ਦੇ ਨਾਲ ਹੀ ਇੱਕ ਸ਼ੱਕੀ ਗੱਡੀ ਦੀ ਤਸਵੀਰ ਵੀ ਜਾਰੀ ਕੀਤੀ ਗਈ ਹੈ।

2 ਮਈ ਨੂੰ ਇੱਕ ਘਰ ਦੇ ਬਾਹਰ ਸਥਿਤ ਡੰਪਸਟਰ ਵਿੱਚੋਂ ਮਨੁੱਖੀ ਪਿੰਜਰ ਮਿਲਣ ਤੋਂ ਬਾਅਦ ਪੁਲਿਸ ਨੂੰ ਸ਼ਾਮੀਂ 4:45 ਉੱਤੇ ਕਾਸਲ ਫਰੈਂਕ ਰੋਡ ਤੇ ਡੇਲ ਐਵਨਿਊ ਏਰੀਆ ਸੱਦਿਆ ਗਿਆ। ਇਸ ਤੋਂ ਕੁੱਝ ਦਿਨ ਬਾਅਦ ਹੀ ਪੋਸਟ ਮਾਰਟਮ ਕੀਤਾ ਗਿਆ ਤੇ ਜਾਂਚਕਾਰਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਇਹ ਪਿੰਜਰ ਅਫਰੀਕੀ ਜਾਂ ਮਿਕਸਡ ਅਫਰੀਕੀ ਮੂਲ ਦੀ ਕਿਸੇ ਬਲੈਕ ਬੱਚੀ ਦਾ ਸੀ, ਜਿਸ ਦੀ ਉਮਰ ਚਾਰ ਤੋਂ ਸੱਤ ਸਾਲ ਦਰਮਿ-ਆਨ ਸੀ।

ਇਸ ਬੱਚੀ ਦੇ ਮੂੰਹ ਵਿੱਚ ਸਾਰੇ ਦੰਦ ਸਨ, ਉਸ ਦਾ ਕੱਦ ਤਿੰਨ ਫੁੱਟ ਛੇ ਇੰਚ, ਕੱਦਕਾਠੀ ਦਰਮਿਆਨੀ ਤੇ ਕਾਲੇ ਘੁੰਗਰਾਲੇ ਵਾਲ ਸਨ। ਇਨ੍ਹਾਂ ਵਾਲਾਂ ਦੇ ਚਾਰ ਹਿੱਸੇ ਕਰਕੇ ਉਸ ਦੀਆਂ ਚਾਰ ਪੋਨੀਟੇਲਜ਼ ਕੀਤੀਆਂ ਹੋਈਆਂ ਸਨ, ਜਿਨ੍ਹਾਂ ਵਿੱਚੋਂ ਦੋ ਗੁੰਦੀਆਂ ਹੋਈਆਂ ਸਨ ਤੇ ਉਨ੍ਹਾਂ ਉੱਤੇ ਕਾਲੇ ਤੇ ਨੀਲੇ ਰੰਗ ਦੇ ਇਲਾਸਟਿਕ ਬੈਂਡਜ਼ ਪਾਏ ਹੋਏ ਸਨ। ਜਾਂਚਕਾਰਾਂ ਦਾ ਮੰਨਣਾ ਸੀ ਕਿ ਇਸ ਪਿੰਜਰ ਨੂੰ ਵੀਰਵਾਰ 28 ਅਪਰੈਲ ਨੂੰ ਦੁਪਹਿਰੇ 12:00 ਵਜੇ ਤੇ ਸੋਮਵਾਰ 2 ਮਈ ਨੂੰ ਦੁਪਹਿਰੇ 4:45 ਉੱਤੇ ਇਸ ਡੰਪਸਟਰ ਵਿੱਚ ਸੁੱਟਿਆ ਗਿਆ ਹੋਵੇਗਾ।

ਪੁਲਿਸ ਦਾ ਮੰਨਣਾ ਹੈ ਕਿ ਇਸ ਬੱਚੀ ਦੀ ਮੌਤ ਪਿਛਲੇ ਸਾਲ ਦੀਆਂ ਗਰਮੀਆਂ ਵਿੱਚ ਹੋਈ ਹੋਵੇਗੀ ਜਾਂ ਉਸ ਤੋਂ ਵੀ ਪਹਿਲਾਂ। ਮੌਤ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਪੁਲਿਸ ਵੱਲੋਂ ਬੱਚੀ ਦੇ ਸਕੈੱਚ ਤਿਆਰ ਕਰਵਾ ਕੇ ਜਾਰੀ ਕੀਤੇ ਗਏ ਹਨ। ਇਸ ਮਾਮਲੇ ਦੇ ਸਬੰਧ ਵਿੱਚ ਪੁਲਿਸ ਅਧਿਕਾਰੀਆਂ ਵੱਲੋਂ ਇੱਕ ਸ਼ੱਕੀ ਗੱਡੀ ਦੀ ਤਸਵੀਰ ਵੀ ਜਾਰੀ ਕੀਤੀ ਗਈ ਹੈ। ਇਹ ਗੂੜ੍ਹੇ ਰੰਗ ਦੀ ਪੋਰਸ਼ਾ ਕੇਯੇਨ ਐਸਯੂਵੀ ਹੈ ਜਿਹੜੀ 2011 ਤੋਂ 2014 ਮਾਡਲ ਦੀ ਹੈ।

## ਫਲੋਰਿਡਾ ਪ੍ਰਾਈਡ ਈਵੈਂਟ ਉੱਤੇ ਗੋਲੀਆਂ ਚਲਾਉਣ ਦੀ ਧਮਕੀ ਦੇਣ ਵਾਲਾ ਟੀਨੇਜਰ ਗ੍ਰਿਫਤਾਰ

ਮਿਸੀਸਾਗਾ, 7 ਜੂਨ (ਪੋਸਟ ਬਿਊਰੋ) : ਫਲੋਰਿਡਾ ਵਿੱਚ ਪ੍ਰਾਈਡ ਈਵੈਂਟ ਦੌਰਾਨ ਵੱਡੀ ਪੱਧਰ ਉੱਤੇ ਕਤਲੇਆਮ ਦੀ ਧਮਕੀ ਦੇਣ ਵਾਲੇ ਕੈਨੇਡਾ ਦੇ 17 ਸਾਲਾ ਲੜਕੇ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਵੈਸਟ ਪਾਮ ਬੀਚ ਪੁਲਿਸ ਡਿਪਾਰਟਮੈਂਟ ਅਨੁਸਾਰ ਇਸ ਟੀਨੇਜਰ ਨੂੰ ਟੋਰਾਂਟੋ, ਪੀਲ ਰੀਜਨਲ ਪੁਲਿਸ ਦੇ ਨਾਲ ਨਾਲ ਐਫਬੀਆਈ ਸਮੇਤ ਕੌਮਾਂਤਰੀ ਜਾਂਚ ਤੋਂ ਬਾਅਦ ਸੋਮਵਾਰ ਨੂੰ ਗ੍ਰਿਫਤਾਰ ਕੀਤਾ ਗਿਆ। ਇਹ ਟੀਨੇਜਰ ਓਮੇਗਲ ਨਾਂ ਦੀ ਵੀਡੀਓ ਚੈਟ ਉੱਤੇ ਸੀ ਤੇ ਇਸ ਨੇ ਪ੍ਰਾਈਡ ਈਵੈਂਟ ਵਿੱਚ ਲੋਕਾਂ ਨੂੰ ਗੋਲੀਆਂ ਨਾਲ ਉਡਾਉਣ ਦੀ ਧਮਕੀ ਦੇਣ ਤੋਂ ਇਲਾਵਾ ਹੈਂਡਗੰਨ ਵਕਲੀ ਆਪਣੀ ਫੋਟੋ ਵੀ ਪਾਈ ਸੀ। ਫਲੋਰਿਡਾ ਪੁਲਿਸ ਦਾ ਕਹਿਣਾ ਹੈ ਕਿ ਟੀਨੇਜਰ ਨੇ



ਉਸ ਇਲਾਕੇ ਵਿੱਚ ਰਹਿਣ ਦਾ ਦਾਅਵਾ ਕੀਤਾ ਸੀ ਤੇ ਐਲਜੀਬੀਟੀਕਿਊ2ਐਸ ਪਲੱਸ ਖਿਲਾਫ ਟਿੱਪਣੀਆਂ ਵੀ ਕੀਤੀਆਂ ਸਨ। ਇਸ ਧਮਕੀ ਤੋਂ ਬਾਅਦ ਉੱਥੇ ਵਾਧੂ ਸਕਿਊਰਿਟੀ ਲਾ ਦਿੱਤੀ ਗਈ।

ਪੁਲਿਸ ਨੇ ਦੱਸਿਆ ਕਿ ਇਸ ਟੀਨੇਜਰ ਨੂੰ ਓਨਟਾਰੀਓ ਵਿੱਚ ਗ੍ਰਿਫਤਾਰ ਕਰਨ ਸਮੇਂ ਇਹ ਗੰਨ ਵੀ ਬਰਾਮਦ ਕਰ ਲਈ ਗਈ। ਕੈਨੇਡੀਅਨ ਅਧਿਕਾਰੀਆਂ ਵੱਲੋਂ ਇਸ ਟੀਨੇਜਰ ਖਿਲਾਫ ਵੱਡੀ ਪੱਧਰ ਉੱਤੇ ਸ਼ੂਟਿੰਗ ਕਰਕੇ ਲੋਕਾਂ ਦੀ ਜਾਣ ਲੈਣ ਲਈ ਦਿੱਤੀ ਧਮਕੀ ਦੇ ਸਬੰਧ ਵਿੱਚ ਇਸ ਨੂੰ ਚਾਰਜ ਕੀਤਾ ਗਿਆ ਹੈ। ਇਹ ਵੀ ਉਮੀਦ ਹੈ ਕਿ ਅਮਰੀਕਾ ਵੱਲੋਂ ਇਸ ਦੀ ਹਵਾਲਗੀ ਮੰਗੀ ਜਾਵੇਗੀ, ਜਿੱਥੇ ਅਜੇ ਵੀ ਇਸ ਖਿਲਾਫ ਚਾਰਜਿਜ਼ ਪੈਂਡਿੰਗ ਹਨ। ਨਾਬਾਲਗ ਹੋਣ ਕਾਰਨ ਇਸ ਮਸ਼ਕੂਕ ਦਾ ਨਾਂ ਜਾਰੀ ਨਹੀਂ ਕੀਤਾ ਗਿਆ ਹੈ। ਸੋਮਵਾਰ ਨੂੰ ਇੱਕ ਪ੍ਰੈੱਸ ਕਾਨਫਰੰਸ ਵਿੱਚ ਵੈਸਟ ਪਾਮ ਬੀਚ ਦੇ ਡਿਪਟੀ ਪੁਲਿਸ ਚੀਫ ਰਿੱਕ ਮੌਰਿਸ ਨੇ ਆਖਿਆ ਕਿ ਇਸ ਤਰ੍ਹਾਂ ਦੀ ਧਮਕੀ ਤੋਂ ਬਾਅਦ ਲੋਕ ਕਾਫੀ ਡਰੇ ਹੋਏ ਹਨ।


AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Axxel InsuranceBrokers Ltd. | 1332 Khalsa Dr, Unit # 11, Mississauga, ON L5S 0A2

NOW HIRING !!!
ALLKIND INSURANCE
•Life Insurance •Super Visa Insurance
•Critical illness Ins •Mortgage Insurance
•Travel & Visitor Ins •Disability Insurance
•RESP & TFSA & RRSP •Funeral Insurance
SIMRAN SAINI
416.994.7272
www.allkindinsurance.com

INSURANCE
○Home ○Auto
○Business ○Trucking
○Life Insurance ○Commercial
647-206-2452 Sukhwinder K Singh
CONNEX | 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill
Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
•Mouse & Rats •Spiders & Fleas •Bedbugs •Wasps
•Cockroaches •Carpenter Ants •Silver Fish •Racoons
Call : PARESH PATEL
416 938 4598

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

HELPING YOU PLAN TODAY...FOR TOMORROW
• Supervisa / Visitor Insurance
• Life /Mortgage/Funeral Insurance
• Disability Insurance
• Critical Illness Insurance
• RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

MANN LAW FIRM
• Real Estate Law • Business Law
• Wills & Estates • Family Law
• Power of Attorney • Civil Litigation
• Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213


OURR
HOME & APPLIANCES
Deal Price
PRICE $6899 +TAX
Deal
OF THE WEEK
KitchenAid
moffat
MAYTAG
LG
SAMSUNG
Electrolux
JENNAIR
BOSCH
Whirlpool
Unit #1, 241 Clarence, St Brampton, On L6W 3E7, (416) 551 3343
44 Fasken Dr. # 2-9 Etobicoke, On M9W 5M8, (416) 792-0877
Unit #6 410 Lewis Road, Stoney Creek, On L8E 5Y7, (905) 643-0818
Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM
(416) 792-0877
(416) 551 3343


EXCLUSIVE OFFER!
GET A $15
IN-STORE CREDIT
*WITH NEW ACTIVATION ON A $25/MO
DATA, TALK, & TEXT PLAN OR HIGHER
1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379
chatr™
AUTHORIZED DEALER
See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

## ਅੱਜ ਨਾਮਾ

ਲੱਗਦੇ ਠੀਕ ਨਹੀਂ ਬਾਹਲੇ ਆਸਾਰ ਮਿੱਤਰ,
ਤੁਣਕੇ ਸਿਆਸਤ ਜੇ ਰਹੀ ਹੈ ਮਾਰ ਮਿੱਤਰ।
ਲੀਡਰ ਰੁੱਝੇ ਦਲਬਦਲੀ ਜੇ ਕਰਨ ਮਿੱਤਰ,
ਬੰਨ੍ਹਿਆ ਜਾਪਦਾ ਉਨ੍ਹਾਂ ਕੁਝ ਵਾਰ ਮਿੱਤਰ।
ਜਿਹੜੇ ਚੋਣਾਂ ਵਿੱਚ ਗਏ ਸਨ ਹਾਰ ਮਿੱਤਰ,
ਪਾਰਟੀ ਚੱਕਰ ਤੋਂ ਹੋਏ ਉਹ ਪਾਰ ਮਿੱਤਰ।
ਅਗਲਾ ਸੁਣੀਂਦਾ ਦਾ ਪੂਰ ਤਿਆਰ ਮਿੱਤਰ,
ਜਾਣੇ ਪਹਿਲਿਆਂ ਦੇ ਕਹਿੰਦੇ ਯਾਰ ਮਿੱਤਰ।
ਸੋਨੀਆ ਗਾਂਧੀ ਦੀ ਪਲਟਣ ਹੈ ਬੜੀ ਪੱਕੀ,
ਰਾਹੁਲ ਗਾਂਧੀ ਤੋਂ ਝਾਕ ਰਹੀ ਰੱਖ ਮਿੱਤਰ।
ਲੀਡਰ ਸਾਬਤ ਉਹ ਕਦੀ ਨਾ ਹੋਣ ਵਾਲਾ,
ਵਰਤੋਂ ਨੁਸਖਾ ਲੁਕਮਾਨ ਦਾ ਲੱਖ ਮਿੱਤਰ।

**ਤੀਸ ਮਾਰ ਖਾਂ**

# ਕਾਂਗਰਸੀ ਸਾਬਕਾ ਮੰਤਰੀ ਸਾਧੂ ਸਿੰਘ ਧਰਮਸ਼ੋਤ ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਵਿਜੀਲੈਂਸ ਵੱਲੋਂ ਗ੍ਰਿਫਤਾਰ

* ਮੁਹਾਲੀ ਕੋਰਟ ਨੇ2 ਸਾਥੀਆਂ ਸਮੇਤ 3 ਦਿਨਾਂ ਰਿਮਾਂਡਦਿੱਤਾ * ਸੰਗਤ ਸਿੰਘ ਗਿਲਜੀਆਂ ਦਾ ਨਾਂਅ ਵੀ ਕੇਸ ਵਿੱਚ ਸ਼ਾਮਲ * ਡਾਇਰੀ ਵਿੱਚ ਕਾਂਗਰਸ ਦੇ ਦੋ ਹੋਰ ਸਾਬਕਾ ਮੰਤਰੀਆਂ ਦਾ ਜ਼ਿਕਰ

ਮੁਹਾਲੀ, 7 ਜੂਨ, (ਪੋਸਟ ਬਿਊਰੋ)- ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੇਲੇ ਜੰਗਲਾਤ ਮੰਤਰੀ ਰਹਿ ਚੁੱਕੇ ਸਾਧੂ ਸਿੰਘ ਧਰਮਸ਼ੋਤ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਵਿਜੀਲੈਂਸ ਨੇ ਕੇਸ ਦਰਜ ਕਰਕੇ ਅੱਜਗ੍ਰਿਫ਼ਤਾਰ ਕਰ ਲਿਆ ਸੀ। ਉਨ੍ਹਾਂ ਨਾਲ ਉਨ੍ਹਾਂ ਦੇ ਓਐੱਸ ਡੀ ਚਮਕੌਰ ਸਿੰਘ ਤੇ ਕਮਲਜੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਵਿਜੀਲੈਂਸ ਨੇ ਰਿਮਾਂਡ ਲੈਣ ਲਈ ਤਿੰਨਾਂ ਨੂੰ ਮੁਹਾਲੀ ਕੋਰਟ ਵਿੱਚ ਪੇਸ਼ ਕੀਤਾ ਤੇਸੱਤ ਦਿਨਾਂ ਦਾ ਰਿਮਾਂਡ ਮੰਗਿਆ, ਪਰ ਕੋਰਟ ਨੇ ਤਿੰਨ ਦਿਨਾਂ ਰਿਮਾਂਡ ਦਿੱਤਾ ਹੈ। ਮੁਹਾਲੀ ਪੁਲਿਸ ਕੋਲ ਦਰਜ ਕੇਸ ਵਿੱਚਸਾਧੂ ਸਿੰਘ ਧਰਮਸ਼ੋਤ ਦੇ ਨਾਲ ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ ਸਣੇ 9 ਹੋਰ ਲੋਕਾਂਦਾ ਨਾਂਅ ਵੀਸ਼ਾਮਲ ਹੈ।

ਵਿਜੀਲੈਂਸ ਬਿਊਰੋ ਨੇ ਪੰਜਾਬ ਵੱਲੋਂ ਸਾਬਕਾ ਕਾਂਗਰਸ ਸਰਕਾਰ ਦੇ ਦੋ ਮੰਤਰੀਆਂ ਸਾਧੂ ਸਿੰਘ ਧਰਮਸ਼ੋਤ, ਸੰਗਤ ਸਿੰਘ ਗਿਲਜੀਆਂ ਸਮੇਤ ਜਿਨ੍ਹਾਂਨੌਂ ਲੋਕਾਂ ਖਿਲਾਫ ਕੇਸ ਦਰਜ ਕੀਤਾਗਿਆ ਹੈ, ਉਨ੍ਹਾਂ ਵਿੱਚ ਇਨ੍ਹਾਂ ਦੋ ਸਾਬਕਾ ਮੰਤਰੀਆਂ ਦੇ ਨਾਲ ਉਨ੍ਹਾਂ ਦੇ ਪੀਏ, ਜੰਗਲਾਤ ਵਿਭਾਗ ਦੇ ਕੁਝ ਅਫਸਰ ਤੇ ਇੱਕ ਵੈੱਬ ਚੈਨਲ ਚਲਾਉਣ ਵਾਲੇ ਪੱਤਰਕਾਰ ਨੂੰ ਧਿਰ ਬਣਾਇਆ ਗਿਆ ਹੈ। ਸਾਧੂ ਸਿੰਘ ਧਰਮਸ਼ੋਤ, ਕਮਲਜੀਤ ਸਿੰਘ ਤੇ ਚਮਕੌਰ ਸਿੰਘ ਨੂੰ ਗ੍ਰਿਫ਼ਤਾਰ ਕਰਨ ਪਿੱਛੋਂ ਕਿਹਾ ਜਾ ਰਿਹਾ ਹੈ ਕਿਸਾਧੂ ਸਿੰਘ ਧਰਮਸ਼ੋਤ, ਸੰਗਤ ਸਿੰਘ ਗਿਲਜੀਆਂ ਅਤੇ ਹੋਰਨਾਂ ਦੇ ਭ੍ਰਿਸ਼ਟਾਚਾਰ ਬਾਰੇਵਿਜੀਲੈਂਸ ਬਿਊਰੋ ਦੇ ਹੱਥ ਲੱਗੀਇੱਕ ਡਾਇਰੀ ਲੱਗੀ ਹੈ, ਜਿਸ ਵਿੱਚ ਇਨ੍ਹਾਂ ਸਭ ਨੂੰ ਮਿਲੀ ਰਿਸ਼ਵਤ ਦਾ ਲੈਣ-ਦੇਣ ਦਰਜ ਸੀ। ਇਹ ਡਾਇਰੀ ਵਿਜੀਲੈਂਸ ਬਿਊਰੋ ਨੂੰ ਇਸ ਕੇਸਵਿੱਚ ਬੀਤੇ ਦਿਨੀਂ ਗ੍ਰਿਫ਼ਤਾਰ ਕੀਤੇ ਜੰਗਲਾਤ ਵਿਭਾਗ ਦੇ ਠੇਕੇਦਾਰ ਹਰਮੋਹਿੰਦਰ ਸਿੰਘ ਦੇ ਘਰੋਂ ਮਿਲੀ ਸੀ। ਇਨ੍ਹਾਂ ਲੋਕਾਂ ਨੇ ਰਿਸ਼ਵਤ ਦੇ ਪੈਸੇ ਦੀ ਵਸੂਲੀ ਦਾ ਮੈਨੂਅਲ ਬਣਾ ਰੱਖਿਆ ਸੀ, ਜਿਸ ਵਿੱਚ ਅਫਸਰਾਂ ਦੀ ਪੋਸਟਿੰਗ ਤੋਂ ਲੈ ਕੇ ਟਰਾਂਸਫਰ ਅਤੇ ਰੁੱਖਾਂ ਦੀ ਕਟਾਈ ਤੱਕ ਹਰ ਕੰਮ ਦਾ ਵੱਖਰਾ ਰੇਟ ਦਰਜ ਸੀ।



ਹਰਮੋਹਿੰਦਰ ਸਿੰਘ ਬੀਤੇ 10 ਸਾਲਾਂ ਤੋਂ ਖੈਰ ਦੇ ਰੁੱਖ ਕੱਟਣ ਦਾ ਠੇਕੇਦਾਰ ਹੈ।ਉਹ ਪਹਿਲਾਂਹੋਰ ਠੇਕੇਦਾਰਾਂ ਨਾਲ ਕੰਮ ਕਰਦਾ ਸੀ, ਪਰ ਪੰਜ ਸਾਲਾਂ ਤੋਂ ਗੁਰੂਹਰ ਐਸੋਸੀਏਟ ਦੇ ਨਾਂਦੀ ਠੇਕੇਦਾਰੀਕਰ ਰਿਹਾ ਸੀ।ਅਕਤੂਬਰ ਤੋਂ ਮਾਰਚ ਤੱਕਖੈਰ ਦੇ ਰੁੱਖਾਂ ਦੀ ਕਟਾਈ ਕਰਨ ਲਈ ਜੰਗਲਾਤ ਵਿਭਾਗ ਤੋਂ ਪਰਮਿਟ ਲੈਣਾ ਹੁੰਦਾ ਹੈ। ਦੋਸ਼ ਹੈ ਕਿ ਸਾਬਕਾ ਮੰਤਰੀ ਸਾਧੂ ਸਿੰਘ ਨੂੰ ਪ੍ਰਤੀ ਰੁੱਖ 500 ਰੁਪਏ, ਡਵੀਜ਼ਨਲ ਫਾਰੈਸਟ ਅਫਸਰ ਨੂੰ 200 ਰੁਪਏ, ਰੇਂਜ ਅਫਸਰ ਨੂੰ 100 ਰੁਪਏ, ਬਲਾਕ ਅਫਸਰ ਨੂੰ 100 ਰੁਪਏ ਤੇ ਫਾਰੈਸਟ ਮੰਡਲ ਗਾਰਡ ਨੂੰ 100 ਰੁਪਏ ਪ੍ਰਤੀ ਰੁੱਖ ਮਿਲਦੇ ਸਨ। ਰਿਸ਼ਵਤ ਦੀ ਇਹ ਰਕਮ ਪ੍ਰਤੀ ਰੁੱਖ ਇੱਕ ਹਜ਼ਾਰ ਰੁਪਏ ਬਣਦੀ ਤੇ ਸੱਤ ਹਜ਼ਾਰ ਰੁੱਖਾਂ ਲਈ ਹਰ ਸੀਜ਼ਨ ਵਿੱਚ 70 ਲੱਖ ਰੁਪਏ ਦੇਣੇ ਪੈਂਦੇ ਸਨ। ਡਾਇਰੀ ਤੋਂ ਪਤਾ ਲੱਗਾ ਕਿ ਕਰੀਬ 15 ਹੋਰ ਠੇਕੇਦਾਰ ਇਸੇ ਤਰ੍ਹਾਂ ਰਿਸ਼ਵਤ ਦਿੰਦੇ ਹਨ।ਇਹ ਵੀ ਦੋਸ਼ ਹੈ ਕਿ ਡੀਐੱਫਓ ਦੇ ਪੱਧਰ ਦੀ ਬਦਲੀ ਲਈਸਾਬਕਾ ਮੰਤਰੀ ਸਾਧੂ ਸਿੰਘ 10 ਤੋਂ 20 ਲੱਖ ਰੁਪਏ ਲੈਂਦਾ ਸੀ, ਰੇਂਜਰਾਂ ਕੋਲੋਂ 5 ਤੋਂ 8 ਲੱਖ ਰੁਪਏ, ਬਲਾਕ ਅਫਸਰਾਂ ਤੋਂ 5 ਲੱਖ ਰੁਪਏ ਅਤੇ ਗਾਰਡਾਂ ਤੋਂ 2 ਤੋਂ 3 ਲੱਖ ਰੁਪਏ ਲਏ ਜਾਂਦੇ ਸਨ।

ਇਸ ਖੇਡ ਵਿੱਚਅਮਿਤ ਚੌਹਾਨ ਨੂੰ ਰੂਪਨਗਰ ਦਾ ਵਣ ਮੰਡਲ ਅਫ਼ਸਰ ਲਾਇਆ ਸੀਤੇ ਬਡਿਆਲੀ ਕਲਾਂ ਸਬ-ਡਵੀਜ਼ਨ ਆਨੰਦ-ਪੁਰ ਸਾਹਿਬ ਵਿੱਚ 1160 ਰੁੱਖਾਂ ਦੀ ਕਟਾਈ ਦਾ ਪਰਮਿਟ ਦੇਣ ਬਦਲੇ 5,80,000 ਰੁਪਏ ਦੀ ਰਿਸ਼ਵਤ ਲਈ ਗਈ। ਚੌਹਾਨ ਉੱਤੇ ਪੰਚਾਇਤ ਦਾ ਵਿੱਤੀ ਨੁਕਸਾਨ ਕਰਨਅਤੇ ਮੰਤਰੀ ਨੂੰ ਨਾਜਾਇਜ਼ ਮਾਈਨਿੰਗ ਦੀ ਖੁੱਲ੍ਹ ਦੇਣ ਦਾ ਦੋਸ਼ ਹੈ।ਡਾਇਰੀ ਤੋਂ ਭੇਦ ਖੁੱਲ੍ਹਾ ਕਿ ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ ਨੇ ਟ੍ਰੀ ਗਾਰਡ ਖਰੀਦਣ ਲਈ ਪੰਜਾਬ ਦੇ ਸਾਰੇ ਡੀਐੱਫਓਜ਼ ਨੂੰ ਕਿਹਾਕਿ ਸਚਿਨ ਕੁਮਾਰ ਵੱਲੋਂ ਟ੍ਰੀ ਗਾਰਡ ਸਪਲਾਈ ਕੀਤੇ ਜਾਣਗੇਅਤੇਹਰ ਇੱਕ ਟ੍ਰੀ ਗਾਰਡ ਦੀ ਕੀਮਤ 2800 ਰੁਪਏ ਰੱਖ ਕੇ 800 ਰੁਪਏ ਪ੍ਰਤੀ ਟ੍ਰੀ ਗਾਰਡ ਰਿਸ਼ਵਤ ਲਏ ਸਨ।ਪੂਰੇ ਪੰਜਾਬ ਲਈ 80 ਹਜ਼ਾਰ ਟ੍ਰੀ ਗਾਰਡ ਖਰੀਦਣਵਿੱਚ ਸੰਗਤ ਸਿੰਘ ਗਿਲਜੀਆਂ ਉੱਤੇ 6 ਕਰੋੜ 40 ਲੱਖ ਰੁਪਏ ਰਿਸ਼ਵਤ ਲੈਣ ਦੇ ਦੋਸ਼ ਹਨ। ਦੋਸ਼ ਇਹ ਵੀ ਹੈ ਕਿ ਪੰਜਾਬ ਵਿੱਚ ਨਵੇਂ ਬੂਟੇ ਲਾਉਣ ਲਈ ਇੱਕਨੇੜਲੇ ਠੇਕੇਦਾਰ ਤੋਂ ਪੌਦੇ ਖਰੀਦੇ ਅਤੇ 20 ਫੀਸਦੀ ਕਮਿਸ਼ਨ ਲਿਆ ਸੀ। ਸਾਬਕਾ ਮੰਤਰੀ ਸਾਧੂ ਸਿੰਘ ਧਰਮਸ਼ੋਤ ਉੱਤੇ ਓਐਸਡੀ ਚਮਕੌਰ ਸਿੰਘ ਅਤੇ ਕਮਲਜੀਤ ਸਿੰਘ ਦੇ ਰਾਹੀਂ ਰਿਸ਼ਵਤ ਲੈਣ ਦੇ ਦੋਸ਼ ਹਨ। ਕਮਲਜੀਤ ਸਿੰਘ ਕੋਲ ਪੁਲਿਸ ਸੁਰੱਖਿਆ ਹੈ ਤੇ ਉਹ ਸ਼ਿਵ ਸੈਨਾ ਦਾ ਪ੍ਰਧਾਨ ਹੈ।

# ਸਿੱਧੂ ਮੂਸੇਵਾਲਾ ਕਤਲ ਕੇਸ ਵਿੱਚ ਅੱਠ ਜਣੇ ਗ੍ਰਿਫਤਾਰ

## * ਕਤਲ ਲਈ ਰੇਕੀ ਕਰਨ ਵਾਲਾ ਕੇਕੜਾ 11 ਦਿਨਾਂ ਰਿਮਾਂਡ ਉੱਤੇ

ਮਾਨਸਾ, 7 ਜੂਨ, (ਪੋਸਟ ਬਿਊਰੋ)- ਸਿੱਧੂਮੂਸੇਵਾਲਾ ਕਤਲ ਕੇਸ ਵਿੱਚ ਪੁਲਸ ਨੇ ਅੱਠ ਦੋਸ਼ੀ ਗ੍ਰਿਫਤਾਰ ਕਰ ਲੈਣ ਦਾ ਦਾਅਵਾ ਕੀਤਾ ਹੈ। ਇਸ ਦੌਰਾਨ ਇਸ ਕਤਲ ਲਈ ਰੇਕੀ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤੇ ਸੰਦੀਪ ਉਰਫ਼ ਕੇਕੜਾ ਤੇ ਹਰਪ੍ਰੀਤ ਬੱਬੀ ਨੂੰ ਅੱਜ ਪੁਲਸ ਨੇ ਅਦਾਲਤ ਪੇਸ਼ ਕੀਤਾ ਤਾਂ ਅਦਾਲਤ ਨੇ ਕੇਕੜਾ ਨੂੰ 11 ਦਿਨ ਅਤੇ ਹਰਪ੍ਰੀਤ ਬੱਬੀ ਨੂੰ ਪੁੱਛਗਿੱਛ ਕਰਨ ਲਈ 9 ਦਿਨ ਦੇ ਪੁਲਸ ਰਿਮਾਂਡ ਉੱਤੇ ਭੇਜ ਦਿੱਤਾ ਹੈ।

ਵਰਨਣ ਯੋਗ ਹੈ ਕਿ ਸੰਦੀਪ ਉਰਫ ਕੇਕੜੇ ਨੂੰ ਪੁਲਸ ਨੇ ਸੋਮਵਾਰ ਫੜਿਆ ਸੀ ਤੇ ਮੁੱਢਲੀ ਪੁੱਛਗਿੱਛਵਿੱਚ ਉਸ ਨੇ ਦੱਸਿਆਸੀ ਕਿ ਉਹ ਆਪਣੇ ਦੋਸਤਾਂ ਨਿੱਕੂ ਤੇ ਕੇਸ਼ਵ ਨਾਲ ਸੈਲਫੀ ਲੈਣ ਦੇ ਬਹਾਨੇ ਸਿੱਧੂਮੂਸੇਵਾਲਾ ਦੇ ਘਰ ਗਿਆ ਸੀ, ਉੱਥੇ ਉਸ ਨੇ ਥਾਰ ਜੀਪ ਦੀ ਫੋਟੋ ਖਿੱਚੀ ਕੇਸ਼ਵ ਅਤੇ ਨਿੱਕੂ ਨਾਲ ਇੱਕ ਮੋਟਰਸਾਈਕਲ ਉੱਤੇ ਵਾਪਸ ਚਲਾ ਗਿਆ ਸੀ।ਉਸ ਨੇ ਦੱਸਿਆ ਕਿ ਉਸੇ ਨੇ ਸ਼ੂਟਰਾਂ ਨੂੰ ਸਿੱਧੂ ਦੇ ਘਰੋਂ ਤੁਰਨਵੇ-ਲੇਦੱਸਿਆ ਸੀ ਕਿ ਉਹ ਬੁਲਟ ਪਰੂਫ ਗੱਡੀ ਵਿੱਚ ਨਹੀਂ ਗਿਆ ਤੇ ਨਾ ਉਸ ਨਾਲ ਗੰਨਮੈਨ ਹੈ, ਉਸ ਨੇ ਥਾਰ ਵਿੱਚ ਉਸ ਦੇ ਦੋ ਦੋਸਤ ਹੋਣ ਦੀ ਵੀ ਸੂਹਦਿੱਤੀ ਸੀ। ਕੇਕੜਾ ਆਪਣੇ ਸਾਥੀਆਂ ਨਾਲ 40 ਤੋਂ 45 ਮਿੰਟ ਸਿੱਧੂ ਦੇ ਘਰ ਨੇੜੇ ਘੁੰਮਿਆ ਸੀ।ਸਿੱਧੂਮੂਸੇਵਾਲਾ ਕਤਲਬਾਰੇ 8 ਲੋਕ ਫੜੇ ਜਾ ਚੁੱਕੇ ਹਨ ਅਤੇ ਜਾਂਚ ਤੋਂ ਪਤਾ ਲੱਗਾ ਹੈ ਕਿਕੇਕੜੇ ਨੇ ਕੈਨੇਡਾ ਬੈਠੇ ਗੋਲਡੀ ਬਰਾੜ ਦੇ ਇਸ਼ਾਰੇ ਉੱਤੇ ਰੇਕੀ ਕੀਤੀ ਤੇ ਮੂਸੇ ਪਿੰਡ ਜਾ ਕੇ ਸਾਰਾ ਕੁਝ ਦੇਖ ਕੇ ਕਾਤਲਾਂ ਨੂੰ ਇਸ ਦੀ ਸੂਹ ਦਿੱਤੀ ਸੀ।




## ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
### ਸੈਰ ਸਪਾਟੇ ਨਾਲ ਹੁਣ ਕਰੋ ਕਮਾਈ

Flyer Distribution

ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ

ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।

ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011


# ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਤਾਰ ਮੁੰਬਈ ਦੇ ਅੰਡਰਵਰਲਡ ਨਾਲ ਜਾ ਜੁੜੇ

ਚੰਡੀਗੜ੍ਹ, 7 ਜੂਨ, (ਪੋਸਟ ਬਿਊਰੋ)- ਪੰਜਾਬੀ ਗਾਇਕ ਸਿੱਧੂਮੂਸੇਵਾਲਾਦੇ ਕਤਲ ਕੇਸ ਦੇ ਤਾਰ ਮੁੰਬਈ ਨਾਲ ਜੁੜਦੇਪਤਾਲੱਗੇ ਹਨ। ਪੰਜਾਬ ਪੁਲਸ ਵੱਲੋਂ ਪਛਾਣੇ ਗਏ 8 ਸ਼ੂਟਰਾਂ ਵਿੱਚ ਸੰਤੋਸ਼ ਜਾਧਵ ਅੰਡਰਵਰਲਡ ਦੇ ਗਾਵਲੀ ਗੈਂਗ ਨਾਲ ਜੁੜਿਆ ਹੈ। ਪੁਣੇ ਦਾ ਵਸਨੀਕ ਸੰਤੋਸ਼ ਜਾਧਵ ਵੀਮੂਸੇਵਾਲਾ ਨੂੰ ਗੋਲ਼ੀਆਂ ਮਾਰਨ ਵਿੱਚ ਸ਼ਾਮਲ ਸੀ।



ਵਰਨਣ ਯੋਗ ਹੈ ਕਿ ਗੈਂਗਸਟਰ ਅਰੁਣ ਗਾਵਲੀ ਨੂੰ ਇੱਕ ਕਤਲ ਕੇਸਵਿੱਚ ਉਮਰ ਕੈਦ ਹੋਈ ਸੀ ਤੇ ਉਹ ਇਸ ਸਮੇਂ ਨਾਗਪੁਰ ਜੇਲ੍ਹ ਵਿੱਚ ਹੈ। ਸ਼ਾਰਪ ਸ਼ੂਟਰ ਸੰਤੋਸ਼ ਜਾਧਵ ਉਸੇ ਦਾ ਚੇਲਾ ਹੈ।ਸਿੱਧੂ ਦੇ ਕਤਲ ਵਿੱਚ ਸ਼ਾਮਲ 8 ਸ਼ੂਟਰਾਂ ਵਿੱਚੋਂ ਤਿੰਨ ਪੰਜਾਬ, ਦੋ-ਦੋ ਹਰਿਆਣਾ ਅਤੇ ਮਹਾਰਾਸ਼ਟਰ ਦੇ ਅਤੇ ਇਕ ਰਾਜਸਥਾਨ ਤੋਂ ਹੈ। ਜਾਂਚ ਨਾਲ ਭੇਦ ਖੁੱਲ੍ਹਾ ਕਿ 'ਗਵਲੀ ਗੈਂਗ ਦੇ ਸੰਤੋਸ਼ ਜਾਧਵ ਨੂੰ ਸਿੱਧੂਮੂਸੇਵਾਲਾ ਦੇ ਕਤਲ ਲਈ ਮੁੰਬਈ ਤੋਂ ਪੰਜਾਬ ਵਿੱਚ ਸੱਦਿਆ ਗਿਆ ਸੀ। ਉਸ ਦੇ ਨਾਲ ਮਹਾਰਾਸ਼ਟਰ ਦਾ ਸੌਰਭ ਮਹਾਕਾਲ ਆਇਆ ਸੀ। ਇਸ ਖੁਲਾਸੇ ਪਿੱਛੋਂ ਪੰਜਾਬ ਪੁਲਸ ਨੇ ਮਹਾਰਾਸ਼ਟਰ ਪੁਲਸ ਨੇ ਮੁੰਬਈ ਪੁਲਸ ਦੀ ਮਦਦ ਮੰਗੀ ਹੈ।ਮੁੰਬਈ ਦਾ ਅੰਡਰਵਰਲਡ ਡੌਨ ਅਰੁਣ ਗਾਵਲੀ ਅਪਰਾਧ ਦੀ ਦੁਨੀਆ ਵਿੱਚ'ਡੈਡੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ।ਉਹ ਅੰਡਰਵਲਡ ਵਿੱਚ1990 ਦੇ ਦਹਾਕੇ ਦਾ ਸੁਪਾਰੀ ਕਿੰਗ ਅਤੇ ਦਾਊਦ ਇਬਰਾਹਿਮ ਦਾ ਜਾਨੀ ਦੁਸ਼ਮਣ ਹੈ। ਮੁੰਬਈ ਦੀ ਦਗੜੀ ਚਾਲ ਤੋਂ ਉਸ ਦਾ ਗੈਂਗ ਚੱਲਦਾ ਸੀ, ਜਿਸਵਿੱਚ 800 ਦੇ ਕਰੀਬ ਖ਼ਤਰਨਾਕ ਬਦਮਾਸ਼ ਹਨ। ਦਗੜੀ ਚਾਲਵਿੱਚ ਗਾਵਲੀ ਦੇ ਲੋਕ ਹੋਣ ਕਾਰਨ ਉਸ ਦੀ ਮਰਜ਼ੀਬਿਨਾਂ ਪੁਲਸ ਉਸ ਚਾਲਵਿੱਚ ਨਹੀਂ ਜਾ ਸਕਦੀ ਸੀ।ਅਰੁਣ ਗਾਵਲੀ 2004ਵਿੱਚ ਮੁੰਬਈ ਦੇ ਚਿੰਚਪੋਕਲੀ ਹਲਕੇ ਤੋਂ ਵਿਧਾਇਕ ਵੀ ਰਹਿ ਚੁੱਕਾ ਹੈ।

# ਦੱਖਣ ਏਸ਼ੀਅਨ ਖੇਡਾਂ ਵਿੱਚ ਲਵਪ੍ਰੀਤ ਨੇ ਸੋਨੇ ਅਤੇ ਚਾਂਦੀ ਦੇ ਤਗਮੇ ਜਿਤੇ

ਮੋਗਾ, 7 ਜੂਨ (ਪੋਸਟ ਬਿਊਰੋ)- ਵਿੱਦਿਅਕ ਸੰਸਥਾ ਸੰਤ ਬਾਬਾ ਭਾਗ ਸਿੰਘ ਮੈਮੋਰੀਅਲ ਗਰਲਜ਼ ਕਾਲਜ ਸੁਖਾਨੰਦ (ਮੋਗਾ) ਦੀ ਤਾਇਕਵਾਂਡੋ ਖਿਡਾਰਨ ਲਵਪ੍ਰੀਤ ਕੌਰ ਪਿੰਡ ਬੰਬੀਹਾ ਭਾਈ ਨੇ ਕਠਮੰਡੂ, ਨੇਪਾਲ ਵਿਖੇ ਨੈਸ਼ਨਲ ਫੈਡਰੇਸ਼ਨ ਆਫ਼ ਆਲ ਸਪੋਰਟਸ ਵੱਲੋਂ ਕਰਵਾਈਆਂ ਦੱਖਣ ਏਸ਼ੀਆਈ ਖੇਡਾਂਵਿੱਚ ਸੋਨੇ ਦਾ ਤਗਮਾ ਤੇ ਅਥਲੈਟਿਕਸ ਵਿੱਚ ਚਾਂਦੀ ਦਾ ਤਗਮਾ ਹਾਸਲ ਕਰਕੇ ਭਾਰਤ ਦਾ ਨਾਂਅ ਰੁਸ਼ਨਾਇਆ ਹੈ। ਇਹ ਖਿਡਾਰਨ ਪੰਜਾਬ ਪੁਲਸ ਵਿੱਚ ਭਾਰਤੀ ਹੋ ਕੇ ਦੇਸ਼ ਦੀ ਸੇਵਾ ਕਰਨਾ ਚਾਹੁੰਦੀ ਹੈ। ਇਸ ਪ੍ਰਾਪਤੀ ਉੱਤੇ ਬਾਘਾ ਪੁਰਾਣਾ ਤੋਂ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਅਤੇ ਹੋਰਨਾਂ ਨੇ ਲਵਪ੍ਰੀਤ ਕੌਰ ਨੂੰ ਮੁਬਾਰਕ ਦਿੰਦਿਆਂ ਉਸ ਨੂੰ ਪੰਜਾਬ ਦਾ ਮਾਣ ਅਤੇ ਹੋਣਹਾਰ ਧੀ ਆਖਿਆ ਹੈ। ਕਾਲਜ ਦੇ ਜਨਰਲ ਸੈਕਟਰੀ ਬਾਬਾ ਸੁਖਮੰਦਰ ਸਿੰਘ ਢਿੱਲੋਂਅਤੇ ਪ੍ਰਿੰਸੀਪਲ ਗੁਰਜੀਤ ਕੌਰ ਨੇ ਵਿਦਿਆਰਥਣ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਅਤੇ ਉਸ ਦੇ ਕੋਚ ਰਾਕੇਸ਼ ਕੁਮਾਰ ਅਤੇ ਇੰਚਾਰਜ ਟੀਚਰ ਕਰਮਜੀਤ ਕੌਰ ਦੀ ਸ਼ਲਾਘਾ ਕੀਤੀ ਹੈ।


ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family

MacroGlobal Immigration Services Ltd.
Seema Bhayana
ICCRC

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com



SherGill Law Firm
Barrister, Solicitor & Notary Public

Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill (MBA,LL.B.)
Tel: 905-790-3636

2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com



ukttc UK TRUCK TRAINING CENTRE PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training

Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training
Forklift $79 Recertification
Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।

We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਸਕਾਰਬਰੋ ਦੇ ਸਕੂਲ ਨੂੰ ਧਮਕੀਆਂ ਦੇਣ ਵਾਲੇ 13 ਸਾਲਾ ਲੜਕੇ ਨੂੰ ਕੀਤਾ ਗਿਆ ਗ੍ਰਿਫਤਾਰ



ਸਕਾਰਬਰੋ, 7 ਜੂਨ (ਪੋਸਟ ਬਿਊਰੋ) : ਵੁਆਇਸਮੇਲ ਰਾਹੀਂ ਸਕੂਲ ਨੂੰ ਧਮਕੀਆਂ ਭੇਜਣ ਵਾਲੇ 13 ਸਾਲਾ ਲੜਕੇ ਨੂੰ ਹਿਰਾਸਤ ਵਿੱਚ ਲੈ ਕੇ ਪੁਲਿਸ ਵੱਲੋਂ ਚਾਰਜ ਕੀਤਾ ਗਿਆ ਹੈ। ਇਸ ਲੜਕੇ ਦੀਆਂ ਧਮਕੀਆਂ ਕਾਰਨ ਸਕਾਰਬਰੋ ਦੇ ਹਾਈ ਸਕੂਲ ਨੂੰ ਲਾਕਡਾਊਨ ਵਿੱਚ ਰੱਖਣਾ ਪਿਆ।

ਗਿਲਡਵੁੱਡ ਪਾਰਕਵੇਅ ਤੇ ਗੈਲੋਅਵੇਅ ਰੋਡ ਏਰੀਆ ਵਿੱਚ ਸਥਿਤ ਸਰ ਵਿਲਫਰਿਡ ਲੌਰੀਅਰ ਸੀ•ਆਈ ਨੂੰ ਜਾਂਚ ਲਈ ਸੋਮਵਾਰ ਸਵੇਰੇ ਲਾਕਡਾਊਨ ਵਿੱਚ ਰੱਖਿਆ ਗਿਆ।ਸੇਫਟੀ ਪ੍ਰੋਸੀਜ਼ਰ ਨੂੰ ਦੁਪਹਿਰੇ 12:30 ਵਜੇ ਹਟਾਅ ਲਿਆ ਗਿਆ।ਅਹਿਤਿਆਤਨ ਇਸ ਇਲਾਕੇ ਵਿੱਚ ਸਥਿਤ ਹੋਰਨਾਂ ਸਕੂਲਾਂ ਜਿਵੇਂ ਕਿ ਗਿਲਡਵੁੱਡ ਜੂਨੀਅਰ ਪਬਲਿਕ ਸਕੂਲ, ਮੇਪਲਵੁੱਡ ਹਾਈ ਸਕੂਲ, ਈਸਟਵਿਊ ਪਬਲਿਕ ਸਕੂਲ, ਪੋਪਲਰ ਰੋਡ ਜੂਨੀਅਰ ਪਬਲਿਕ ਸਕੂਲ ਤੇ ਐਲਿਜ਼ਾਬੈੱਥ ਸਿਮਕੋਅ ਜੂਨੀਅਰ ਪਬਲਿਕ ਸਕੂਲ ਨੂੰ ਹੋਲਡ ਤੇ ਸਕਿਓਰ ਵਿੱਚ ਰੱਖਿਆ ਗਿਆ।

ਟੋਰਾਂਟੋ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਸੱਭ ਤੋਂ ਪਹਿਲਾਂ ਧਮਕੀ 3 ਜੂਨ ਨੂੰ ਦਿੱਤੀ ਗਈ। ਜਾਂਚਕਾਰਾਂ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਇਸ 13 ਸਾਲਾ ਲੜਕੇ ਦਾ ਸਕੂਲ ਨਾਲ ਕੋਈ ਸਬੰਧ ਨਹੀਂ ਸੀ। ਉਸ ਨੇ 6:30 ਵਜੇ ਦੇ ਨੇੜੇ ਤੇੜੇ ਵੁਆਇਸਮੇਲ ਰਾਹੀਂ ਧਮਕੀ ਦਿੱਤੀ। ਇਸ ਦੌਰਾਨ ਕਿਸੇ ਨੂੰ ਕਿਸੇ ਕਿਸਮ ਦਾ ਨੁਕਸਾਨ ਨਹੀਂ ਹੋਇਆ। ਮੰਗਲਵਾਰ ਨੂੰ ਇਸ ਲੜਕੇ ਨੇ ਪੁਲਿਸ ਕੋਲ ਆਤਮ ਸਮਰਪਣ ਕਰ ਦਿੱਤਾ ਤੇ ਉਸ ਨੂੰ ਉਸ ਦੇ ਮਾਪਿਆਂ ਦੀ ਹਾਜ਼ਰੀ ਵਿੱਚ ਗ੍ਰਿਫਤਾਰ ਕੀਤਾ ਗਿਆ।

ਪੀਲ ਰੀਜਨ ਦੇ ਇਸ 13 ਸਾਲਾ ਲੜਕੇ ਉੱਤੇ ਦੋ ਚਾਰਜਿਜ਼ ਲਾਏ ਗਏ ਹਨ, ਇੱਕ ਧਮਕੀਆਂ ਦੇਣਾ ਤੇ ਦੂਜਾ ਸ਼ਰਾਰਤ ਕਰਨਾ। ਇਸ ਲੜਕੇ ਨੂੰ 20 ਜੁਲਾਈ ਨੂੰ ਅਦਾਲਤ ਸਾਹਮਣੇ ਪੇਸ਼ ਕੀਤਾ ਜਾਵੇਗਾ।

# ਦਿੱਲੀ ਦੇ ਸਿਹਤ ਮੰਤਰੀ ਸਤੇਂਦਰ ਜੈਨ ਅਤੇ ਸਾਥੀਆਂ ਦੇ ਟਿਕਾਣਿਆਂ ਉੱਤੇ ਛਾਪੇ

## * ਭਾਰੀ ਮਾਤਰਾ ਵਿੱਚ ਸੋਨਾ ਤੇ ਨਕਦੀ ਬਰਾਮਦ ਹੋਣ ਦੀ ਖਬਰ



ਨਵੀਂ ਦਿੱਲੀ, 7 ਜੂਨ, (ਪੋਸਟ ਬਿਊਰੋ)- ਦਿੱਲੀ ਸਰਕਾਰ ਦੇ ਸਿਹਤ ਮੰਤਰੀ ਸਤੇਂਦਰ ਜੈਨ ਅਤੇ ਉਨ੍ਹਾਂ ਦੇ ਸਾਥੀਆਂ ਦੇ ਘਰ ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਦੇ ਛਾਪੇ ਵਿੱਚ ਵੱਡੀ ਮਾਤਰਾ ਵਿੱਚ ਸੋਨਾ ਅਤੇ ਨਕਦੀ ਮਿਲਣ ਦੀ ਖਬਰ ਹੈ। ਕੱਲ੍ਹ ਈ ਡੀ ਨੇ 7 ਟਿਕਾਣਿਆਂ ਉੱਤੇ ਛਾਪੇਮਾਰੇ ਸਨ, ਜਿਸ ਵਿੱਚ ਪ੍ਰਕਾਸ਼ ਜਵੈਲਰ ਤੋਂ 2.23 ਕਰੋੜ ਨਕਦੀ, ਵੈਭਵ ਜੈਨ ਦੇ ਕੋਲ 41.5 ਲੱਖ ਨਕਦੀ ਅਤੇ 133 ਸੋਨੇ ਦੇ ਸਿੱਕੇ ਮਿਲਣ ਦੇ ਨਾਲ ਜੀਐਸ ਮਠਾਰੂ ਕੋਲੋਂ 20 ਲੱਖ ਰੁਪਏ ਦੀ ਨਕਦੀ ਬਰਾਮਦ ਹੋਈ ਹੈ। ਇਹ ਸਾਰੇ ਲੋਕ ਸਤੇਂਦਰ ਜੈਨ ਦੇ ਨੇੜੂ ਦੱਸੇ ਗਏ ਹਨ।

ਈ ਡੀ ਨੇ ਹਵਾਲਾ ਸੌਦੇ ਬਾਰੇ ਮਨੀ ਲਾਂਡਰਿੰਗ ਜਾਂਚ ਦੌਰਾਨ ਮੰਤਰੀ ਸਤੇਂਦਰ ਜੈਨ ਦੇ ਰਿਹਾਇਸ਼ੀ ਸਥਾਨਾਂ ਤੇ ਹੋਰ ਥਾਵਾਂ ਉੱਤੇ ਛਾਪੇਮਾਰੇ ਅਤੇ ਸੋਮਵਾਰ ਨੂੰ ਸਤੇਂਦਰ ਜੈਨ ਅਤੇ ਉਨ੍ਹਾਂ ਦੀ ਕੰਪਨੀ ਅਤੇ ਹੋਰ ਦੋਸ਼ੀਆਂ ਦੇ ਟਿਕਾਣਿਆਂ ਉੱਤੇ ਛਾਪੇਮਾਰੀ ਕੀਤੀ। 57 ਸਾਲਾ ਸਤੇਂਦਰ ਜੈਨ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ (ਪੀਐਮਐਲਏ) ਦੀਆਂ ਧਾਰਾਵਾਂ ਤਹਿਤ 30 ਮਈ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਇਸ ਤੋਂ ਬਾਅਦ ਉਸ ਨੂੰ 9 ਜੂਨ ਤੱਕ ਈ ਡੀ ਦੀ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਸੀ। ਦਿੱਲੀ ਦੇ ਪ੍ਰਮੁੱਖ ਜਵੈਲਰ ਰਾਮ ਪ੍ਰਸਾਦ ਜਵੈਲਰਜ਼ ਉੱਤੇ ਵੀ ਛਾਪਾ ਪਿਆ ਤੇ ਕਿਹਾ ਜਾ ਰਿਹਾ ਹੈ ਕਿ ਪਿਛਲੇ ਕੁਝ ਦਿਨਾਂ ਵਿੱਚ ਸਤੇਂਦਰ ਜੈਨ ਤੇ ਹਵਾਲਾ ਆਪਰੇਟਰਾਂ ਤੋਂ ਪੁੱਛਗਿੱਛ ਵਿੱਚ ਏਜੰਸੀ ਨੂੰ ਨਵੇਂ ਸਬੂਤ ਮਿਲੇ ਹਨ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਕੈਮਬ੍ਰਿਜ ਗੁਰਦੁਆਰਾ ਵਿਖੇ ਸ਼ਹੀਦੀ ਪੁਰਬ ਸਬੰਧੀ ਸਮਾਗਮ ਕਰਵਾਏ







ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੈਂਬਰਿਜ਼ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਇਆ ਗਿਆ ਜਿਸ ਦੌਰਾਨ 3 ਜੂਨ ਨੂੰ ਅਰੰਭ ਕੀਤੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਹਜ਼ੂਰੀ ਰਾਗੀ ਭਾਈ ਗੁਰਪ੍ਰੀਤ ਸਿੰਘ, ਭਾਈ ਰਣਜੀਤ ਸਿੰਘ, ਦੇ ਜਥੇ ਨੇ ਸੰਗਤਾ ਕੀਰਤਨ ਰਾਹੀਂ ਗੁਰੂ ਚਰਨਾਂ ਵਿਚ ਜੋੜਿਆ /ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਜੈਦੀਪ ਸਿੰਘ ਫਗਵਾੜਾ ਵਾਲਿਆਂ ਨੇ ਗੁਰੂ ਅਰਜੁਨ ਦੇਵ ਜੀ ਦੇ ਜੀਵਨ ਇਤਿਹਾਸ ਨਾਲ ਸੰਗਤਾਂ ਨੂੰ ਜਾਣੂ ਕਰਵਾਉਂਦੇ ਹੋਏ ਕਿਹਾ ਕਿ ਸਤਿਗੁਰ ਜੀ ਦਾ ਜੀਵਨ ਸਾਨੂੰ ਇਸ ਗਲ ਦੀ ਪ੍ਰੇਣਾ ਦਿੰਦਾ ਹੈ ਕਿ ਸੁਖੁ ਅਤੇ ਦੁਖੁ ਵਿਚ ਮਾਲਕ ਦੇ ਨਾਲ ਜੁੜੇ ਰਹਿਣਾ ਹੈ ਗੁਰੂ ਸਾਹਿਬ ਜੀ ਵੀ ਚਾਹੇ ਤਖਤ ਤੇ ਸਨ ਚਾਹੇ ਤਤੀ ਤਵੀ ਤੇ, ਸੀਸ ਤੇ ਚਾਹੇ ਚੰਦੋਆਂ ਝੁਲਦਾ ਸੀ ਚਾਹੇ ਤਤੀ ਰੇਤਾ ਪਾਈ ਗਈ ਹਜੂਰ ਨੇ ਕੇਵਲ ਨਾਂਮ ਦੀ ਮੰਗ ਪਰਮਾਤਮਾ ਪਾਸੋਂ ਕੀਤੀ/ਰਾਜਪਾਲ ਸਿੰਘ ਨੇ ਕਵਿਤਾ ਰਾਹੀਂ ਹਾਜ਼ਰੀ ਭਰੀ ਦੀਵਾਨ ਦੀ ਸਮਾਪਤੀ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸੁਖਵਿੰਦਰ ਸਿੰਘ ਜੀ ਚਾਹਲ ਨੇ ਸੰਗਤਾਂ ਨੂੰ ਗੁਰੂ ਜੀ ਦੇ ਉਪਦੇਸ਼ਾ ਨਾਲ ਜੁੜਨ ਲਈ ਕਿਹਾ ਸਮਾਗਮ ਦੌਰਾਨ ਵੱਡੀ ਗਿਣਤੀ ਵਿਚ ਸੰਗਤਾਂ ਹਾਜਰ ਸਨ ਗੁਰੂ ਕਾ ਲੰਗਰ ਅਟੁੱਟ ਵਰਤਿਆ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroVerCPA Professional Corporation
214-7895 Tranmere Drive, Mississauga ON L5S 1V9

Fresh Bite & Meats
FRESH, CLEAN & SAFE QUALITY MEATS
SERVING BRAMPTON SINCE 8 YEARS
Afgani Chicken Tikka $8.99 lb.
Goat Leg $5.99 lb.
Amritsari Fish Pakora $5.99 lb.
and much more!
OPENING JUNE 11th, 2022
3rd LOCATION GRAND OPENING
25 KINGS CROSS RD, #1, BRAMPTON, ON | (905) 790-3486
25 Cherry Crest Dr, Brampton , ON | 905-913-1114
65 Braydon Blvd, #7A, Brampton, ON | 905-913-1221
SUNDAY - THURSDAY: 10AM - 10PM | FRIDAY - SATURDAY: 10AM - 11PM
WE DO CATERERING (MINIMUM 30 PEOPLE)
Visit: www.freshbiteandmeat.com

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

NEED A LAWYER ??
KAUR LAW OFFICE
Red Seal NOTARY
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
MANJEET KAUR
LL.B., (London UK)
Barrister, Solicitor & Notary Public
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

# ਅਨੰਦ ਮੈਰਿਜ ਐਕਟ ਦੀ ਨਿਗੂਣੀ ਸੋਧ ਦਾ ਇਤਿਹਾਸਕ ਪੱਖ



ਡਾ. ਦਲਜੀਤ ਸਿੰਘ
ਸਾਬਕਾ: ਪ੍ਰੋਫੈਸਰ ਆਫ ਲਾਅ
ਤੇ ਪ੍ਰਿੰਸੀਪਲ, ਖਾਲਸਾ ਕਾਲਜ,
ਅੰਮ੍ਰਿਤਸਰ

ਸਿੱਖ ਉਹ ਕੌਮ ਹੈ, ਜਿਸ ਨੂੰ ਇਤਿਹਾਸ ਵਿੱਚ ਕਦੇ ਵੀ ਜਿਸਮਾਨੀ ਤਾਕਤ ਨਾਲ ਨਹੀਂ ਜਿੱਤਿਆ ਜਾ ਸਕਿਆ।ਅੰਗਰੇਜਾਂ ਤੋਂ ਲੈ ਕੇ ਮੁਸਲਮਾਨ ਰਾਜਿਆਂ ਤੱਕ ਇਹ ਸਾਬਿਤ ਹੋ ਚੁੱਕਾ ਹੈ ਕ ਸਿੱਖਾਂ ਨੂੰ ਸਿੱਧੀ ਟੱਕਰ ਲੈ ਕੇ ਨਹੀਂ ਹਰਾਇਆ ਜਾ ਸਕਦਾ। ਪੁਰਾਣੀਆਂ ਉਦਾਹਰਣਾ ਛੱਡ ਕੇ ਅਸੀ ਅਜੋਕੇ ਸਮੇਂ ਦੀ ਗੱਲ ਕਰੀਏ ਤਾਂ ਕਿਸਾਨ ਅੰਦੋਲਨ ਇਸ ਸਬੰਧ ਵਿੱਚ ਵਾਚਿਆ ਜਾ ਸਕਦਾ ਹੈ।

ਪਰ ਦੂਜੇ ਪਾਸੇ ਇਤਿਹਾਸ ਇਸ ਗੱਲ ਦਾ ਵੀ ਗਵਾਹ ਹੈ ਕਿ ਸਿੱਖਾਂ ਨੂੰ ਮਾਰ ਪਈ ਹੈ, ਤਾਂ ਉਹ ਆਪਣਿਆ ਤੋਂ ਹੀ ਪਈ ਹੈ। ਆਪਣਿਆ, ਉਨ੍ਹਾਂ ਤੋਂ ਪਈ ਹੈ ਜੋ ਆਪਣੇ ਸੁਆਰਥੀ ਮਤਲਬ ਲਈ ਕੌਮ ਨਾਲ ਗਦਾਰੀ ਕਰਦੇ ਰਹੇ। ਸਿੱਖੀ ਦੇ ਭੇਖ ਵਿਚ ਇਹ ਲਾਲਚੀ, ਚਾਪਲੂਸ, ਸੁਆਰਥੀ ਕੁਰਸੀਆਂ ਅਤੇ ਸੋਹਰਤ ਦੇ ਭੁੱਖੇ, ਜਮੀਰ ਵੇਚਨ ਵਾਲੇ ਹਮੇਸਾਂ ਰਹੇ ਹਨ ਅਤੇ ਅਜੇ ਵੀ ਹਨ।ਸਿੱਖ ਕੌਮ ਨੂੰ ਖਤਰਾ ਕਿਸੇ ਦੁਸਮਣ ਤੋਂ ਨਹੀਂ, ਇਨ੍ਹਾਂ ਵਰਗੇ ਸੁਆਰਥੀਆਂ ਤੋਂ ਹੈ ਜਿਨਾਂ ਸਿੱਖ ਕੌਮ ਦੇ ਦੁਸ਼ਮਣਾ ਦੀ ਕਠਪੁਤਲੀ ਬਣ ਕੇ ਅਹੁਦੇ ਅਤੇ ਸਨਮਾਨ ਪ੍ਰਾਪਤ ਕੀਤੇ ਅਤੇ ਕਰ ਰਹੇ ਹਨ।ਅਸਲੀਅਤ ਇਹ ਹੈ ਕਿ ਸਿੱਖ ਕੌਮ ਦਾ ਦੁਸਮਣ ਉਹ ਕੱਟੜਵਾਦੀ ਸਮੂਹ ਹੈ, ਜੋ ਬਹੁਤ ਸ਼ਾਤਰ ਦਿਮਾਗ ਨਾਲ ਸਿੱਖੀ ਦਾ ਘਾਣ ਕਰਨਾ ਚਾਹੁੰਦਾ ਹੈ। ਇਨ੍ਹਾਂ ਵਿੱਚੋਂ ਦਿੱਲੀ ਵਿੱਚ ਬੈਠੇ ਕੁਝ ਕੁ ਸਿੱਖੀ ਭੇਖ ਵਿੱਚ ਸਿੱਖ ਨੇਤਾਵਾਂ ਨੂੰ ਦਿਮਾਗੀ ਲੜਾਈ ਵਿਚ ਵਰਤਿਆ ਗਿਆ ਹੈ ਤੇ ਹੁਣ ਵੀ ਵਰਤੇ ਜਾ ਰਹੇ ਹਨ।

ਮੈਂ ਅਜੇਹੇ ਕੁਝ ਲੋਕਾਂ ਦੇ ਸਿੱਖ ਵਿਰੋਧੀ ਕਾਰਨਾਮਿਆਂ ਬਾਰੇ ਸਿੱਖ ਪੰਥ ਨੂੰ ਸਮੇਂ ਸਮੇਂ ਸੁਚੇਤ ਕਰਨ ਦਾ ਯਤਨ ਕਰਦਾ ਰਿਹਾ ਹਾਂ, ਭਾਵੇਂ ਉਹ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਹੋਵੇ, ਅਨੰਦ ਮੈਰਿਜ ਐਕਟ,2009 ਵਿਚ ਕੀਤੀ 2012 ਦੀ ਨਿਗੂਣੀ ਜਿਹੀ ਸੋਧ ਹੋਵੇ, ਸਾਹਿਬਜਾਦਿਆਂ ਦਾ ਸ਼ਹੀਦੀ ਦਿਹਾੜਾ ਜਾਂ ਫਿਰ ਕਿਸਾਨੀ ਅੰਦੋਲਨ ਹੋਵੇ। ਅਨੰਦ ਮੈਰਿਜ ਐਕਟ, 1909 ਵਿਚ ਕੀਤੀ ਨਿਗੂਣੀ ਜਿਹੀ ਸੋਧ ਦੇ ਅਸਲ ਸੱਚ ਨੂੰ ਛੁਪਾ ਕੇ ਹੁਣ ਤੱਕ ਸਿੱਖਾਂ ਦੇ ਅਖੌਤੀ ਹਿਤੈਸ਼ੀਆਂ ਵੱਲੋਂ ਗੁਮਰਾਹ ਕਰਨ ਦੇ ਬਹੁਤ ਉਪਰਾਲੇ ਕੀਤੇ ਗਏ ਅਤੇ ਹੁਣ ਵੀ ਹੋ ਰਹੇ ਹਨ। ਅੱਜ ਦੇ ਇਸ ਲੇਖ ਵਿੱਚ ਮੈਂ ਸਿਰਫ ਅਨੰਦ ਮੈਰਿਜ ਐਕਟ, 1909 ਵਿੱਚ ਹੋਈ 2012 ਵਿਚ ਸੋਧ ਦੇ ਇਤਿਹਾਸ ਬਾਰੇ, ਜਿਸ ਬਾਰੇ ਪਿਛਲੇ ਢੇਡ ਦਹਾਕੇ ਤੋਂ ਸਿੱਖ ਪੰਥ ਨੂੰ ਗੁਮਰਾਹ ਕਰਨ ਵਿੱਚ ਕੁਝ ਲੋਕਾਂ ਨੇ ਕੋਈ ਕਸਰ ਨਹੀਂ ਛੱਡੀ, ਦਾ ਸੱਚ ਲਿਖ ਰਿਹਾਂ ਹਾਂ। ਅਸਲੀਅਤ ਇਹ ਹੈ ਕਿ 1909 ਵਿੱਚ ਪਾਸ ਹੋਏ ਅਨੰਦ ਮੈਰਿਜ ਐਕਟ ਨਾਲ ਜੋ ਸਿੱਖਾਂ ਦੀ ਸੁਤੰਤਰ ਪਹਿਚਾਣ ਬਣੀ ਸੀ, 2012 ਵਿਚ ਇਸ ਐਕਟ ਵਿੱਚ ਕੀਤੀ ਸੋਧ ਨਾਲ ਉਸ ਨੂੰ ਬਹੁਤ ਵੱਡੀ ਢਾਹ ਲੱਗੀ ਹੈ। ਉਹ ਸਿੱਖ ਬੁਧੀਜੀਵੀ, ਜਿਨ੍ਹਾਂ ਨੂੰ ਕਾਨੂੰਨ ਦੀ ਸਮਝ ਵੀ ਹੈ ਅਤੇ ਸਿੱਖੀ ਦਾ ਸੱਚੇ ਦਿਲੋਂ ਹੇਜ ਵੀ, ਜਿਵੇਂ ਕਿ ਸ. ਗੁਰਤੇਜ ਸਿੰਘ, ਸਾਬਕਾ ਆਈ.ਏ.ਐਸ. ਜਿਨ੍ਹਾਂ ਨੇ ਸਿੱਖੀ ਲਈ ਆਪਣੇ ਆਹੁਦੇ ਤੋਂ ਅਸਤੀਫਾ ਦਿੱਤਾ ਸੀ, ਸ. ਹਰਦੀਪ ਸਿੰਘ, ਮੈਂਬਰ ਸ੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ, ਪ੍ਰੋ. ਜਗਮੋਹਨ ਸਿੰਘ, ਹਿਊਮਨਰਾਈਟਸ ਐਕਟੀਵਿਸਟ ਆਦਿ ਨੇ ਵੀ ਅਨੰਦ ਮੈਰਿਜ ਐਕਟ ਦੀ 2012 ਦੀ ਸੋਧ ਦਾ ਡਟ ਕੇ ਵਿਰੋਧ ਕੀਤਾ ਸੀ। ਅੱਜ ਦਾ ਇਹ ਲੇਖ ਲਿਖਣ ਲਈ ਮੈਂ ਇਸ ਕਰਕੇ ਮਜਬੂਰ ਹਾਂ ਕਿ ਜੇ ਇਸ ਅਸਲ ਸੱਚ ਤੋਂ ਪਾਸਾ ਪਰਤ ਕੇ ਖੁਦ ਨੂੰ ਸਿੱਖਾਂ ਤੇ ਸਿੱਖੀ ਦੇ ਹਿਤੈਸ਼ੀ ਵਜੋਂ ਪਾਰਲੀਮੈਂਟ ਤੱਕ ਹੂਕ ਪਹੁੰਚਾਉਣ ਦਾ ਦਾਅਵਾ ਕਰਨ ਵਾਲੇ ਅਖੌਤੀ ਲੋਕ ਤੱਥਾਂ ਨੂੰ ਤੋੜ ਮਰੋੜ ਕੇ ਸੱਚ ਬਣਾਉਣ ਵਿਚ ਸਫਲ ਹੋ ਗਏ ਤਾਂ ਅਸਲ ਇਤਿਹਾਸ ਕਦੇ ਸਾਹਮਣੇ ਨਹੀਂ ਆ ਸਕੇਗਾ।

ਜਲੰਧਰ ਸ਼ਹਿਰ ਤੋਂ ਪ੍ਰਕਾਸ਼ਿਤ ਹੁੰਦੇ ਇੱਕ ਪੰਜਾਬੀ ਅਖਬਾਰ ਵਿਚ ਸ. ਤਰਲੋਚਨ ਸਿੰਘ, ਸਾਬਕਾ ਮੈਂਬਰ ਰਾਜ ਸਭਾ ਵੱਲੋਂ 'ਅਨੰਦ ਮੈਰਿਜ ਐਕਟ ਦਾ ਇਤਿਹਾਸ' ਸਿਰਲੇਖ ਤਹਿਤ ਮੇਰੇ ਬਾਰੇ ਅਤੇ ਸ. ਸੱਤਿਆਜੀਤ ਸਿੰਘ ਮਜੀਠੀਆ, ਪ੍ਰਧਾਨ, ਖ਼ਾਲਸਾ ਕਾਲਜ ਅੰਮ੍ਰਿਤਸਰ ਬਾਰੇ ਲਿਖਿਆ ਕਿ ਇਨ੍ਹਾਂ ਨੇ ਬਿੱਲ ਦਾ ਪੂਰਾ ਵਿਰੋਧ ਕੀਤਾ। ਮੈਂ ਇਸ ਗੱਲ ਨੂੰ ਸਵੀਕਾਰ ਕਰਦਾ ਹਾਂ ਕਿ ਮੈਂ 2012 ਵਿੱਚ ਅਨੰਦ ਮੈਰਿਜ ਐਕਟ ਦੀ ਹੋਈ ਸੋਧ ਦਾ ਵਿਰੋਧ ਕਰਦਾ ਰਿਹਾ ਹਾਂ। ਅਸਲ ਵਿਚ ਮੈਂ ਅਨੰਦ ਮੈਰਿਜ ਐਕਟ ਦੀ ਇਸ ਨਿਗੁਣੀ ਜਿਹੀ ਸੋਧ ਦੀ ਬਜਾਇ ਸੰਪੂਰਨ'ਸਿੱਖ ਮੈਰਿਜ ਐਕਟ' ਬਣਾਉਣ ਦਾ ਹਾਮੀ ਰਿਹਾ ਹਾਂ, ਜਿਸ ਨਾਲ ਸਿੱਖਾ ਨੂੰ ਹਿੰਦੂ ਮੈਰਿਜ ਐਕਟ, 1955 ਦੇ ਘੇਰੇ ਵਿੱਚੋਂ ਬਾਹਰ ਕੱਢ ਕੇ ਭਾਰਤ ਵਿਚ ਆਪਣੀ ਵੱਖਰੀ ਪਹਿਚਾਣ ਵਾਲਾ 'ਸਿੱਖ ਵਿਆਹ ਐਕਟ' ਬਣਾਇਆ ਜਾਵੇ।

ਇਕ ਦਹਾਕੇ ਬਾਅਦ, ਇਹ ਜਾਣਦੇ ਹੋਏ ਵੀ ਕਿ 2012 ਵਿਚ ਅਨੰਦ ਮੈਰਿਜ ਐਕਟ, 1909 ਵਿੱਚ ਜੋ ਸੋਧ ਹੋਈ ਹੈ, ਉਸ ਨੇ ਸਿੱਖ ਕੌਮ ਦਾ ਕੋਈ ਫਾਇਦਾ ਨਹੀਂ ਕੀਤਾ, ਬਲਕਿ ਭਾਰੀ ਨੁਕਸਾਨ ਕੀਤਾ ਹੈ, ਫਿਰ ਵੀ ਸ. ਤਰਲੋਚਨ ਸਿੰਘ ਲੇਖ ਵਿੱਚ, ਆਪਣੇ ਆਪ ਨੂੰ ਸਿੱਖਾਂ ਦਾ ਇਕ ਸੂਝਵਾਨ ਲੀਡਰ ਸਾਬਿਤ ਕਰਨ ਲਈ ਇਤਿਹਾਸ ਦੇ ਘਟਨਾਕ੍ਰਮ ਨੂੰ ਸ਼ਬਦਾਂ ਦੇ ਹੇਰ ਫੇਰ ਦੀ ਵਰਤੋਂ ਕਰਦੇ ਹੋਏ ਤੋੜ ਮਰੋੜ ਕੇ ਪੇਸ਼ ਕੀਤਾ ਹੈ। ਉਨ੍ਹਾਂ ਨੇ ਲੇਖ ਵਿਚ ਦਾਅਵਾ ਕੀਤਾ ਹੈ ਕਿ 1947 ਵਿੱਚ ਅਜ਼ਾਦੀ ਮਿਲਣ ਬਾਅਦ 1909 ਵਾਲਾ ਐਕਟ ਲਾਗੂ ਰਹਿਣ ਬਾਰੇ ਸਿੱਖ ਲੀਡਰਾਂ ਨੂੰ ਕੋਈ ਜਾਣਕਾਰੀ ਨਹੀਂ ਸੀ। ਉਨ੍ਹਾਂ ਅੱਗੇ ਲਿਖਿਆ ਹੈ ਕਿ "1955 ਵਿੱਚ ਹਿੰਦੂ ਮੈਰਿਜ ਐਕਟ ਪਾਸ ਹੋ ਗਿਆ, ਜਿਸ ਵਿੱਚ ਹਿੰਦੂ, ਸਿੱਖ, ਬੋਧੀ ਤੇ ਜੈਨੀ ਵੀ ਸ਼ਾਮਿਲ ਕਰ ਦਿੱਤੇ ਗਏ ਅਤੇ ਸਿੱਖਾਂ ਨੂੰ ਵਿਆਹ ਉਪਰੰਤ ਹਿੰਦੂ ਮੈਰਿਜ ਐਕਟ ਦਾ ਸ਼ਰਟੀਫਿਕੇਟ ਹੀ ਮਿਲਦਾ ਸੀ। ਜਿਸ ਦੀ ਵਿਰੋਧਤਾ ਨਾ ਪੰਜਾਬ ਸਰਕਾਰ ਵੱਲੋਂ ਤੇ ਨਾ ਹੀ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੀ ਗਈ ਸੀਂ। ਪਰ ਕੀ ਸਰਦਾਰ ਸਾਹਿਬ ਨੇ ਖੁਦ ਭਾਰਤ ਦੇ ਰਾਸਟਰਪਤੀ ਦੇ ਪ੍ਰੈਸ ਸੈਕਟਰੀ (1983'87), ਨੈਸ਼ਨਲ ਕਮਿਸ਼ਨ ਮਾਇਨੌਟੀ ਦੇ ਵਾਈਸ ਚੇਅਰਮੇਨ ਅਤੇ ਚੇਅਰਮੇਨ (2000'2006) ਜਾਂ ਰਾਜ ਸਭਾ ਦੇ ਮੈਂਬਰ ਦੀ ਪਦਵੀ ਤੇ ਸਸ਼ੋਭਤ ਹੋਣ ਦੌਰਾਨ ਕਦੇ ਇਸ ਦੀ ਵਿਰੋਧਤਾ ਕੀਤੀ? ਕੀ ਕਦੇ ਭਾਰਤ ਵਿੱਚ ਬਾਕੀ ਧਰਮਾਂ ਦੇ ਮੈਰਿਜ ਐਕਟਾਂ ਵਾਂਗ ਸਿੱਖਾਂ ਲਈ ਵੱਖਰਾ ਸੁਤੰਤਰ ਸਿੱਖ ਮੈਰਿਜ ਐਕਟ ਜਾਂ ਸਿੱਖ ਪ੍ਰਸਨਲ ਲਾਅ ਦੀ ਮੰਗ ਕੀਤੀ? ਕੀ ਇਸ ਨੂੰ ਅਗਿਆਨਤਾ ਜਾਂ ਸੋਚੀ ਸਮਝੀ ਚੁੱਪ ਸਮਝਿਆ ਜਾਵੇ? ਭਾਰਤ ਦੀ ਲੋਕ ਸਭਾ ਵਿੱਚ ਸ. ਸਿਮਰਨਜੀਤ ਸਿੰਘ ਮਾਨ ਨੇ, ਜਦੋਂ ਉਹ ਲੋਕ ਸਭਾ ਦੇ ਮੈਂਬਰ ਸਨ, ਸਿੱਖ ਮੈਰਿਜ ਐਕਟ ਅਤੇ ਸਿੱਖ ਪ੍ਰਸਨਲ ਲਾਅ ਦੀ ਮੰਗ ਪੂਰੇ ਜ਼ੋਰ ਨਾਲ ਉਠਾਈ ਸੀ।

ਜਦੋਂ 2012 ਵਿੱਚ ਅਨੰਦ ਮੈਰਿਜ ਐਕਟ, 2009 ਵਿੱਚ ਸਿਰਫ 'ਰਜਿਸਟ੍ਰੇਸ਼ਨ ਬਾਰੇ ਸੋਧ' ਦਾ ਪ੍ਰਸਤਾਵ ਆਇਆ ਤਾਂ ਉਸ ਵਕਤ ਦੀਆਂ ਅਖਬਾਰਾਂ ਵੇਖ ਲਈਏ ਤਾਂ ਇੰਨ੍ਹਾਂ ਨੇ ਵੀ ਇਹੋ ਕਿਹਾ ਸੀ ਕਿ ਅਨੰਦ ਮੈਰਿਜ ਐਕਟ ਲਾਗੂ ਕਰਨ ਦੀ ਪ੍ਰਵਾਨਗੀ ਮਿਲ ਗਈ ਹੈ। ਜਦੋਂ ਮੇਰਾ ਇਕ ਲੇਖ 'ਅਨੰਦ ਮੈਰਿਜ ਐਕਟ ਦਾ ਸੱਚ,' 21 ਅਤੇ 23 ਅਪ੍ਰੈਲ, 2012 ਨੂੰ ਅਖਬਾਰਾਂ ਵਿੱਚ ਛਪਿਆ, ਜਿਸ ਵਿੱਚ ਮੈਂ ਸਾਫ ਕਰ ਦਿੱਤਾ ਸੀ ਕਿ 1947 ਵਿੱਚ ਅਜਾਦੀ ਮਿਲਣ ਤੋਂ ਬਾਅਦ ਵੀ ਅਨੰਦ ਮੈਰਿਜ ਐਕਟ, 1909 ਲਾਗੂ ਹੈ ਅਤੇ ਇਸ ਐਕਟ ਵਿਚ 1959 ਵਿਚ ਕੀਤੀ ਸੋਧ ਦੀ ਮਿਸਾਲ ਵੀ ਦਿੱਤੀ ਸੀ। ਹੁਣ ਆਪਣੇ ਲੇਖ ਵਿੱਚ ਉਨ੍ਹਾਂ ਖੁਦ ਮੱਨਿਆ ਹੈ ਕਿ ਇਹ ਐਕਟ ਹਮੇਸ਼ਾਂ ਲਾਗੂ ਰਿਹਾ ਹੈ। ਦੇਰ ਆਏ ਦਰੁਸਤ ਆਏ। ਪਰ ਆਪਣੇ ਲੇਖ ਵਿਚ ਉਨ੍ਹਾਂ ਨੇ ਸ਼ਬਦਾਂ ਦੇ ਹੇਰ ਫੇਰ ਨਾਲ ਫਿਰ ਕੌਮ ਨੂੰ ਗੁਮ-ਰਾਹ ਕਰਨ ਦੀ ਕੋਝੀ ਕੋਸਿਸ਼ ਕੀਤੀ ਹੈ। ਉਨ੍ਹਾਂ ਲਿਖਿਆ ਹੈ ਕਿ "ਮੈਂ ਕਈ ਸਿੱਖ ਵਕੀਲਾਂ ਤੇ ਕਾਨੂੰਨੀ ਮਹਿਕਮੇ ਦੇ ਅਫਸਰਾਂ ਨਾਲ ਸਲਾਹ ਕਰਕੇ ਇਕ 'ਨਵਾਂ ਬਿੱਲ' ਤਿਆਰ ਕੀਤਾ, ਜਿਸ ਨਾਲ ਸਿੱਖਾਂ ਨੂੰ ਸਿੱਖ ਰੀਤੀ ਅਨੁਸਾਰ ਵਿਆਹ ਕਰਨ ਪਿੱਛੋਂ 'ਸਿੱਧਾ ਸਿੱਖ ਅਨੰਦ ਕਾਰਜ ਸਰਟੀਫਿਕੇਟ' ਮਿਲ ਸਕੇ।" ਅਸਲ ਵਿਚ ਇੱਥੋਂ ਹੀ ਕਾਨੂੰਨ ਦੀ ਨਾ ਸਮਝੀ ਕਰਕੇ ਇਹ ਸਾਰਾ ਝਮੇਲਾ ਸੁਰੂ ਹੋਇਆ। ਝੂਠ ਦਾ ਮੁਢ ਇੱਥੋਂ ਸੁਰੂ ਹੋਇਆ ਅਤੇ ਸਿੱਖਾਂ ਨੂੰ ਰਜਕੇ ਗੁਮਰਾਹ ਕੀਤਾ ਗਿਆ। ਇਸ ਨੂੰ 'ਨਵਾਂ ਬਿੱਲ' ਕਹਿਣਾ ਸਰਾਸਰ ਗੁਮ-ਰਾਹਕੁਨ ਹੈ। ਅਸਲੀਅਤ ਇਹ ਹੈ ਕਿ ਉਨ੍ਹਾਂ ਨੇ ਤਾਂ 2007 ਵਿੱਚ ਅਨੰਦ ਮੈਰਿਜ ਐਕਟ (ਸੋਧ) ਬਿੱਲ, 2007 ਦਾ ਪ੍ਰਾਈਵੇਟ ਮੈਂਬਰ ਬਿੱਲ ਵਜੋਂ ਜੋ ਖਰੜਾ ਦਿੱਤਾ ਸੀ, ਇਸ ਨੂੰ 'ਨਵਾਂ ਬਿੱਲ' ਕਹਿਣਾ, ਕਾਨੂੰਨੀ ਮਾਹਿਰ ਜਰੂਰ ਸਮਝ ਜਾਣਗੇ ਕਿ ਇਸ ਤਰੀਕੇ ਨਾਲ ਝੂਠੀ ਸ਼ੋਹਰਤ ਖਟਣ ਲਈ, ਸਬਦੀ ਹੇਰ ਫੇਰ ਕੀਤਾ ਗਿਆ।

ਇੱਥੇ ਦੋ ਹੋਰ ਗੱਲਾਂ ਬਹੁਤ ਮਹੱਤਵਪੂਰਨ ਹਨ। ਪਹਿਲੀ ਇਹ ਕਿ ਉਨ੍ਹਾਂ ਨੇ ਜੋ ਸੋਧ ਬਿਲ ਦਾ ਖਰੜਾ ਦਿੱਤਾ ਸੀ ਉਸ ਵਿੱਚ ਕਿਤੇ ਵੀ 'ਸਿੱਖ' ਸ਼ਬਦ ਨਹੀਂ ਵਰਤਿਆ ਗਿਆ। 'ਸਿੱਖ ਮੈਰਿਜ ਰਜਿਸਟਰੇਸ਼ਨ' ਦੀ ਥਾਂ, 'ਅਨੰਦ ਮੈਰਿਜ ਰਜਿਸਟਰੇਸ਼ਨ', 'ਸਿੱਖ ਮੈਰਿਜ ਰਜਿਸਟਰ' ਦੀ ਥਾਂ 'ਅਨੰਦ ਮੈਰਿਜ ਰਜਿਸਟਰ' ਸ਼ਬਦ ਵਰਤੇ ਗਏ ਸਨ। ਜੋ ਹੁਣ ਉਹ ਆਪਣੇ ਲੇਖ ਵਿਚ ਹਿੰਦੂ ਮੈਰਿਜ ਸਰਟੀਫਿਕੇਟ ਤੇ ਇਤਰਾਜ ਕਰਦੇ ਹਨ ਤਾਂ ਉਨ੍ਹਾਂ 'ਸਿੱਖ' ਸ਼ਬਦ ਜਾਂ 'ਸਿੱਖ ਮੈਰਿਜ ਰਜਿਸਟਰ' ਕਿਉਂ ਨਹੀਂ ਲਿਖਿਆ ਸੀ? ਦੂਜੀ ਬਹੁਤ ਮਹੱਤਵਪੂਰਨ ਗੱਲ ਇਹ ਹੈ ਕਿ ਉਨ੍ਹਾਂ ਨੇ ਆਪਣੇ ਲੇਖ ਵਿਚ ਸ. ਦਿਲਮੇਗ ਸਿੰਘ, ਸਕੱਤਰ, ਸ੍ਰੋਮਣੀ ਗੁਰਦੁਆਰਾ ਪ੍ਰੰਬਧਕ ਕਮੇਟੀ ਬਾਰੇ ਜਿਕਰ ਕੀਤਾ ਹੈ ਕਿ ਉਨ੍ਹਾਂ ਨੇ ਇਸ ਬਿੱਲ ਦੇ ਖਰੜੇ ਦੀ ਜਥੇਦਾਰ ਅਕਾਲ ਤਖਤ ਸਾਹਿਬ ਦੀ ਪ੍ਰਵਾਨਗੀ 21 ਨਵੰਬਰ 2007 ਨੂੰ ਲੈ ਕੇ ਇੰਨ੍ਹਾਂ ਨੂੰ ਭੇਜ ਦਿੱਤੀ। ਲੇਖ ਵਿਚ ਤਾਂ ਲਿਖਿਆ ਹੈ ਕਿ ਉਨ੍ਹਾਂ ਨੇ ਇਹ ਬਿੱਲ 2006 ਵਿਚ ਰਾਜ ਸਭਾ ਵਿਚ ਪੇਸ਼ ਕੀਤਾ ਜਦਕਿ ਪ੍ਰਵਾਨਗੀ ਬਾਅਦ ਵਿਚ ਨਵੰਬਰ 2007 ਨੂੰ ਮਿਲੀ।

ਜਿਸ 'ਨਵੇਂ ਬਿੱਲ' ਦਾ ਦਾਅਵਾ ਕੀਤਾ ਗਿਆ ਹੈ, ਦਰਅਸਲ ਉਹ ਤਾਂ ਸਿਰਫ ਇਕ 'ਸੋਧ ਬਿਲ' ਦਾ ਪ੍ਰਸਤਾਵ ਸੀ, ਜਿਸ ਵਿਚ ਅਨੰਦ ਕਾਰਜ ਰੀਤੀ ਦੁਆਰਾ ਕੀਤੇ ਵਿਆਹ ਦੀ ਰਜਿਸਟਰੇਸ਼ਨ ਦੀ ਧਾਰਾ ਪੁਰਾਣੇ ਅਨੰਦ ਮੈਰਿਜ ਐਕਟ, 1909 ਵਿਚ ਜੋੜਨਾ ਸੀ। ਕਾਨੂੰਨੀ ਮਾਹਿਰ ਇਸ ਨੂੰ ਭਲੀ ਭਾਂਤ ਜਾਣਦੇ ਹਨ ਕਿ 'ਨਵੇਂ ਬਿਲ' ਅਤੇ 'ਸੋਧ ਬਿਲ' ਵਿਚ ਕਿਨ੍ਹਾਂ ਵੱਡਾ ਫਰਕ ਹੁੰਦਾ ਹੈ। ਇੱਥੇ ਮੈਂ ਇਕ ਮਹੱਤਵਪੂਰਨ ਤੱਥ ਜਰੂਰ ਉਜਾਗਰ ਕਰਨਾ ਚਾਹੁੰਦਾ ਹਾਂ ਕਿ ਉਨ੍ਹਾਂ ਵੱਲੋਂ ਦਿੱਤੇ ਨਵੇਂ ਬਿੱਲ ਦਾ ਪ੍ਰਸਤਾਵ ਕਦੇ ਵੀ ਲੋਕ ਸਭਾ ਜਾਂ ਰਾਜ ਸਭਾ ਵਿਚ ਪਾਸ ਨਹੀਂ ਹੋਇਆ। ਉਨ੍ਹਾਂ ਵੱਲੋਂ ਸ਼ਬਦੀ ਜਾਲ ਬੁਣ ਕੇ ਲੇਖ ਲਿਖਣਾ ਕਿ ਜਿਵੇਂ ਉਨ੍ਹਾਂ ਵੱਲੋਂ ਪੇਸ਼ ਕੀਤਾ 'ਨਵਾਂ ਬਿਲ' ਪਾਸ ਹੋਇਆ ਹੈ, ਬਿਲਕੁਲ ਝੂਠ ਅਤੇ ਬੇਬੁਨਿਆਦ ਹੈ। 2012 ਵਿਚ ਜੋ ਅਨੰਦ ਮੈਰਿਜ (ਸੋਧ) ਬਿਲ, 2012, ਭਾਰਤੀ ਪਾਰਲੀਮੈਂਟ ਵੱਲੋਂ ਪਾਸ ਕੀਤਾ ਗਿਆ, ਉਸ ਦੇ ਪ੍ਰਵਧਾਨਾ ਦਾ ਸਰੂਪ ਅਤੇ ਸਬਦਾਵਲੀ 2007 ਵਾਲੇ ਬਿਲ ਤੋਂ ਬਿਲਕੁਲ ਵੱਖਰੀ ਹੈ। ਇੱਕ ਹੋਰ ਤੱਥ ਵੀ ਬੜਾ ਰੋਚਕ ਹੈ ਕਿ 2012 ਵਿਚ ਤਾਂ ਉਹ ਰਾਜ ਸਭਾ ਦੇ ਮੈਂਬਰ ਵੀ ਨਹੀਂ ਰਹੇ ਸਨ। ਸਚਾਈ ਇਹ ਹੈ ਕਿ ਭਾਰਤੀ ਸੁਪਰੀਮ ਕੋਰਟ ਨੇ 2006 ਵਿਚ ਸੀਮਾ ਬਨਾਮ ਅਸ਼ਵਨੀ ਕੇਸ ਵਿਚ ਭਾਰਤ ਸਰਕਾਰ ਨੂੰ ਭਾਰਤ ਵਿੱਚ ਹੁੰਦੇ ਸਾਰੇ ਵਿਆਹਾਂ ਦੀ ਲਾਜਮੀ ਰਜਿਸਟਰੇਸ਼ਨ ਕਰਵਾਉਣ ਦੀ ਹਦਾਇਤ ਕੀਤੀ ਸੀ ਜਿਸ ਕਰਕੇ ਭਾਰਤ ਵਿਚ ਵੱਖਰੇ ਵੱਖਰੇ ਕਾਨੂੰਨ ਪਾਸ ਕਰਕੇ ਲਾਜਮੀ ਵਿਆਹ ਜਿਸਟਰਡ ਕਰਾਉਣ ਦਾ ਪ੍ਰਵਧਾਨ ਕੀਤਾ ਗਿਆ।

ਸ. ਤਰਲੋਚਨ ਸਿੰਘ ਵੱਲੋਂ ਆਪਣੇ ਲੇਖ ਵਿਚ 'ਇਕ ਹੋਰ ਘਟਨਾ' ਬਾਰੇ ਦਸਦੇ ਹੋਏ ਲਿਖਿਆ ਹੈ ਕਿ "ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਦਲਜੀਤ ਸਿੰਘ ਅਤੇ ਸ. ਸੱਤਿਆਜੀਤ ਸਿੰਘ ਮਜੀਠਾ (ਮਜੀਠੀਆ?) ਵਲੋਂ ਇਸ ਬਿੱਲ ਦਾ ਪੂਰਾ ਵਿਰੋਧ ਕੀਤਾ ਗਿਆ ਸੀ ਅਤੇ ਇਸ ਨੂੰ ਰੋਕਣ ਲਈ ਸ. ਪ੍ਰਕਾਸ ਸਿੰਘ ਬਾਦਲ, ਮੁੱਖ ਮੰਤਰੀ ਪੰਜਾਬ ਨੂੰ ਮਨਾਉਣ ਦੀ ਕੋਸਿਸ ਕੀਤੀ। ਬਾਦਲ ਸਾਹਿਬ ਨੇ ਕਪੂਰਥਲਾ ਹਾਊਸ, ਦਿੱਲੀ ਵਿੱਚ ਇਕ ਮੀਟਿੰਗ ਰਖ ਲਈ ਸੀ। ਉਥੇ ਪ੍ਰਿੰਸੀਪਲ ਨੇ ਇਕ ਵੀਡੀਓ ਬਣਾ ਕੇ ਬਿੱਲ ਦੇ ਵਿਰੁੱਧ ਕਿਹਾ ਕਿ ਇਸ ਵਿੱਚ ਕਈ ਤਬਦੀਲੀਆਂ ਕੀਤੀਆਂ ਜਾਣ। ਮੀਟਿੰਗ ਵਿੱਚ ਸ.ਅਵਤਾਰ ਸਿੰਘ ਮੱਕੜ ਨੇ'ਮੇਰੇ ਬਿੱਲ' ਦੀ ਹਮਾਇਤ ਕੀਤੀ। ਸ.ਐਚ.ਐਸ. ਫੂਲਕਾ ਐਡਵੋਕੇਟ ਨੇ ਬਿੱਲ ਨੂੰ ਸਿੱਖਾਂ ਲਈ ਵੱਡੀ ਪ੍ਰਾਪਤੀ ਦੱਸਿਆ। ਬਾਦਲ ਸਾਹਿਬ ਨੇ ਫੈਸਲਾ ਲਿਆ ਕਿ ਜਿਵੇਂ ਵੀ ਬਿਲ ਪਾਰਲੀਮੈਂਟ ਵਿਚ ਪੇਸ ਹੋਵੇ ਉਸ ਵਿਚ ਤਬਦੀਲੀ ਨਾ ਕੀਤੀ ਜਾਵੇ ਅਤੇ ਪਾਸ ਕਰਵਾ ਲਿਆ ਜਾਵੇ। ਅਗਲੇ ਦਿਨ ਹੀ ਰਾਜ ਸਭਾ ਵਿਚ ਜਨਾਬ ਖੁਰਸੀਦ ਆਲਮ ਨੇ ਇਸ ਨੂੰ ਪਾਸ ਕਰਵਾ ਦਿੱਤਾ।" ਬਹੁਤ ਦੁੱਖ ਨਾਲ ਲਿਖਣਾ ਪੈ ਰਿਹਾ ਹੈ ਕਿ ਉਮਰ ਦੇ ਇਸ ਪੜਾ ਵਿੱਚ ਉਹ ਇਨ੍ਹਾਂ ਕੋਝਾ ਝੂਠ ਬੋਲਣਗੇ, ਕਦੇ ਸੋਚਿਆ ਵੀ ਨਹੀਂ ਸੀ ਜਾ ਸਕਦਾ।



ਪਾਠਕਾਂ ਨੂੰ ਬੇਨਤੀ ਹੈ ਕਿ ਉਨ੍ਹਾਂ ਵੱਲੋਂ ਲਿਖੇ ਉਪਰੋਕਤ ਹਰ ਸ਼ਬਦ ਨੂੰ ਧਿਆਨ ਨਾਲ ਪੜਣ ਤੇ ਵਾਚਨ। ਮੱਕੜ ਸਾਹਿਬ ਨੇ 'ਮੇਰੇ ਬਿੱਲ' ਦੀ ਹਮਾਇਤ ਕੀਤੀ। ਤੁਹਾਡਾ ਕਿਹੜਾ 'ਨਵਾਂ ਬਿੱਲ'? ਤੁਸੀ ਉਸ ਵਕਤ ਨਾ ਰਾਜ ਸਭਾ ਦੇ ਮੈਂਬਰ, ਨਾ ਤੁਹਾਡਾ ਪ੍ਰਸਤਾਵਤ ਖਰੜਾ, ਫਿਰ 'ਮੇਰਾ ਬਿੱਲ' ਕਿਵੇ ਹੋ ਗਿਆ? ਝੂਠ ਬੋਲ ਕੇ ਗੁਮਰਾਹ ਕਰਨ ਦੀ ਅਜੇਹੀ ਚਾਲ ਬੇਮਿਸਾਲ ਹੈ।

ਮੈਂ ਇਸ ਲੇਖ ਵਿਚ ਇਸ ਘਟਨਾ ਦਾ ਸੱਚ ਲਿਖ ਕੇ ਇਤਿਹਾਸ ਦੇ ਪੰਨਿਆਂ ਵਿੱਚ ਸਚਾਈ ਦਰਜ ਕਰ ਰਿਹਾ ਹਾਂ। 12 ਅਪ੍ਰੈਲ, 2012 ਨੂੰ ਉਸ ਸਮੇਂ ਦੇ ਪ੍ਰਧਾਨ ਮੰਤਰੀ ਸ. ਮਨਮੋਹਨ ਸਿੰਘ ਦੀ ਅਗਵਾਈ ਸਿੰਘ ਭਾਰਤੀ ਕੈਬਨਿਟ ਨੇ ਫੈਸਲਾ ਕੀਤਾ ਕਿ ਹਰ ਧਰਮ ਦੇ ਲੋਕਾਂ ਨੂੰ ਵਿਆਹ ਦੀ ਰਜਿਸਟਰੇਸ਼ਨ ਕਰਾਉਣੀ ਲਾਜਮੀ ਹੋਵੇਗੀ। ਇਸੇ ਅਧੀਨ ਸਿੱਖਾਂ ਦੇ ਵਿਆਹ ਦੀ ਰਜਿਸਟਰੇਸ਼ਨ ਅਨੰਦ ਮੈਰਿਜ ਐਕਟ, 1909 ਦੇ ਤਹਿਤ ਕੀਤੀ ਜਾਵੇਗੀ।13 ਅਪ੍ਰੈਲ 2012 ਨੂੰ ਵਿਸਾਖੀ ਵਾਲੇ ਦਿਨ ਤੋਂ ਅਨੰਦ ਮੈਰਿਜ ਐਕਟ ਅਖਬਾਰਾਂ ਦੀਆਂ ਸੁਰਖੀਆਂ ਵਿਚ ਚਰਚਾ ਦਾ ਵਿਸ਼ਾ ਬਣਿਆ। ਉਸੇ ਦਿਨ ਤੋਂ ਕੁਝ ਅਖੌਤੀ ਸਿੱਖ ਸੁਆਰਥੀ ਨੇਤਾਵਾਂ ਵੱਲੋਂ ਜਾਣ ਬੁਝ ਕੇ ਇਹ ਸਿਆਸੀ ਰੰਗਤ ਭਰਪੂਰ ਬਿਆਨਬਾਜੀ ਕੀਤੀ ਗਈ ਕਿ ਅਸੀਂ ਅਨੰਦ ਮੈਰਿਜ ਐਕਟ ਲਾਗੂ ਕਰਵਾ ਦਿੱਤਾ ਹੈ। ਹੁਣ ਅਨੰਦ ਕਾਰਜ ਦੀ ਮਰਿਆਦਾ ਰਾਹੀ ਹੋਣ ਵਾਲੇ ਵਿਆਹਾਂ ਨੂੰ ਕਾਨੂੰਨੀ ਮਾਨਤਾ ਮਿਲੇਗੀ ਜਾਂ ਸਿੱਖਾਂ ਦੀ ਨਵੀਂ ਪਹਿਚਾਣ ਬਣੇਗੀ ਅਤੇ ਖ਼ਾਲਸਾ ਪੰਥ ਦੀ ਅਹਿਮ ਪ੍ਰਾਪਤੀ ਹੋਈ ਹੈ। ਜਦਕਿ ਸਚਾਈ ਇਸ ਤੋਂ ਕੋਹਾਂ ਦੂਰ ਸੀ। ਸਚਾਈ ਤਾਂ ਇਹ ਸੀ ਕਿ ਕੈਬਿਨਟ ਦੇ ਫੈਸਲੇ ਮੁਤਾਬਿਕ ਪਹਿਲਾਂ ਤੋਂ ਹੀ ਲਾਗੂ 'ਅਨੰਦ ਮੈਰਿਜ ਐਕਟ', 1909 ਵਿਚ ਸੋਧ ਜਾਂ ਤਰਮੀਮ ਕਰਕੇ ਵਿਆਹ ਰਜਿਸਟਰੇਸ਼ਨ ਦੀ ਧਾਰਾ ਜੋੜਨਾ ਸੀ। ਵਿਆਹ ਦੀ ਰਜਿਸਟਰੇਸ਼ਨ ਬਾਕੀ ਧਰਮਾਂ ਦੇ ਵਿਆਹਾਂ ਵਾਂਗ ਲਾਜ਼ਮੀ ਬਣਾਉਣਾ ਸੀ। ਮੈਂ ਅਖਬਾਰਾਂ ਵਿਚ 21 ਅਤੇ 23 ਅਪ੍ਰੈਲ 2012 ਨੂੰ ਆਪਣੇ ਲੇਖ,'ਅਨੰਦ ਮੈਰਿਜ ਐਕਟ ਦਾ ਸੱਚ' ਵਿੱਚ ਸਿੱਖ ਜਗਤ ਨੂੰ ਸੁਚੇਤ ਕੀਤਾ ਸੀ ਕਿ ਇਹ ਫੈਸਲਾ ਕਾਨੂੰਨੀ ਪੱਖ ਤੋਂ ਬਹੁਤ ਹੀ ਨਿਗੂਣਾ ਜਿਹਾ ਕਦਮ ਹੈ, ਜਿਸ ਬਾਰੇ ਸਿੱਖ ਜਗਤ ਨੂੰ ਬਹੁਤਾ ਖੁਸ ਹੋਣ ਦੀ ਲੋੜ ਨਹੀਂ ਹੈ।

ਚੀਫ ਖ਼ਾਲਸਾ ਦਿਵਾਨ, ਅੰਮਿਤਸਰ ਵੱਲੋਂ ਸਤੰਬਰ 2011 ਵਿੱਚ ਮੈਨੂੰ 'ਸਿੱਖ ਮੈਰਿਜ ਐਕਟ' ਦਾ ਖਰੜਾ ਤਿਆਰ ਕਰਨ ਦੀ ਸੇਵਾ ਸੋਂਪੀ ਗਈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਵਿਆਹ ਅਤੇ ਤਲਾਕ ਸਬੰਧਤ ਹਿੰਦੂ, ਮੁਸਲਿਮ, ਪਾਰਸੀ, ਈਸਾਈ, ਯਹੂਦੀਆਂ ਸਮੇਤ ਸਪੈਸਲ ਵਿਆਹ ਦੇ ਕਾਨੂੰਨ ਪੜਾਉਣ ਦੇ ਤਜਰਬੇ ਦੇ ਅਧਾਰ ਤੇ ਮਿਤੀ 15 ਮਈ, 2012 ਨੂੰ ਚੀਫ ਖ਼ਾਲਸਾ ਦਿਵਾਨ ਦੇ ਹਾਲ ਵਿਚ ਸੈਂਕੜੇ ਸਿੱਖ ਪੰਥ ਦੀਆਂ ਮਹਾਨ ਸਖਸ਼ੀਅਤਾ, ਜਿਸ ਵਿੱਚ ਉਸ ਵਕਤ ਦੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ, ਚੀਫ ਖ਼ਾਲਸਾ ਦਿਵਾਨ ਦੇ ਪ੍ਰਧਾਨ ਸ. ਚਰਨਜੀਤ ਸਿੰਘ ਚੱਢਾ, ਆਨਰੇਰੀ ਸਕੱਤਰ ਸ. ਸੰਤੋਖ ਸਿੰਘ ਸੇਠੀ, ਖਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਪ੍ਰਧਾਨ ਸ. ਸਤਿਆਜੀਤ ਸਿੰਘ ਮਜੀਠੀਆ, ਆਨਰੇਰੀ ਸਕੱਤਰ ਸ. ਰਜਿੰਦਰਮੋਹਨ ਸਿੰਘ ਛੀਨਾ ਅਦਿ ਸ਼ਾਮਲ ਸਨ, ਮੈਂ 'ਸਿੱਖ ਮੈਰਿਜ ਐਕਟ, 2012' ਦੇ ਖਰੜੇ ਬਾਰੇ ਪਾਵਰ ਪੁਆਇੰਟ ਪੇਸ਼ਕਾਰੀ (ਸ਼ਰਮਕਗ ਸ਼ਰਜਅਵ ਸ਼ਗਕਤਕਅਵ੍ਵਜਰਅ) ਦਿੱਤੀ। ਮੈਂ ਇਹ ਪੁਰਜੋਰ ਅਪੀਲ ਕੀਤੀ ਕਿ ਅਨੰਦ ਮੈਰਿਜ ਐਕਟ ਵਿਚ ਕੀਤੀ ਜਾ ਰਹੀ ਰਜਿਸਟਰੇਸ਼ਨ ਦੀ ਤਰਮੀਮ ਦੀ ਥਾਂ ਸਾਨੂੰ ਸਿੱਖਾਂ ਦੇ ਆਪਣੇ ਵੱਖਰੇ ਸੰਪੂਰਨ 'ਸਿੱਖ ਮੈਰਿਜ ਐਕਟ' ਦੀ ਮੰਗ ਕਰਨੀ ਚਾਹੀਦੀ ਹੈ ਤਾਂ ਕਿ ਭਾਰਤ ਵਿਚ ਬਾਕੀ ਧਰਮਾ ਦੇ ਵਿਆਹ ਐਕਟ ਜਿਵੇਂ ਹਿੰਦੂ ਮੈਰਿਜ ਐਕਟ,1955, ਪਾਰਸੀ ਮੈਰਿਜ ਐਂਡ ਡੀਵੋਸ ਐਕਟ,1936, ਇੰਡਿਅਨ ਕ੍ਰਿਸਚੀਅਨ ਮੈਰਿਜ ਐਕਟ,1872, ਡਿਸਲੂਸ਼ਨ ਆਫ ਮੁਸਲਿਮ ਮੈਰਿਜ ਐਕਟ,1939 ਦੀ ਤਰਜ ਤੇ ਸਾਡਾ ਸਿੱਖਾਂ ਦਾ ਆਪਣਾ ਸੁਤੰਤਰ 'ਸਿੱਖ ਮੈਰਿਜ ਐਕਟ' ਹੋਵੇ। ਅਸੀ ਹਿੰਦੂ ਵਿਆਹ ਐਕਟ,1955 ਤੋਂ ਬਾਹਰ ਆ ਸਕੀਏ।

ਮੈਂ ਖਰੜਾ ਪੇਸ਼ ਕਰਨ ਸਮੇਂ ਸਭ ਨੂੰ ਬੇਨਤੀ ਕੀਤੀ ਕਿ ਮੇਰੇ ਵੱਲੋਂ ਤਿਆਰ ਕੀਤਾ ਗਿਆ ਖਰੜਾ ਫਾਈਨਲ ਨਾ ਸਮਝਿਆ ਜਾਵੇ ਬਲਕਿ ਸਿੱਖ ਵਿਦ-ਵਾਨਾ ਵੱਲੋਂ ਨੁਕਤਾ ਬਰ ਨੁਕਤਾ ਵਿਚ-ਾਰਿਆ ਜਾਵੇ ਅਤੇ ਜੋ ਅੰਤਿਮ ਸਹਿਮਤੀ ਬਣੇ ਉਸ ਤੇ ਅਧਾਰਿਤ ਸੰਪੂਰਨ'ਸਿੱਖ ਮੈਰਿਜ ਐਕਟ', ਜਿਸ ਵਿਚ ਸਿੱਖਾਂ ਨੂੰ ਹਿੰਦੂ ਮੈਰਿਜ ਐਕਟ,1955 ਤੋਂ ਬਾਹਰ ਕੱਢਦੇ ਹੋਏ, ਖਰੜਾ ਤਿਆਰ ਕਰਕੇ ਉਸ ਨੂੰ ਪਾਸ ਕਰਵਾਉਣ ਦੀ ਕੋਸਿਸ਼ ਕੀਤੀ ਜਾਵੇ।ਸਿੱਖ ਪੰਥ ਦੀਆਂ ਸਖਸੀਅਤਾਂ ਨੇ ਆਪਣੇ ਆਪਣੇ ਸ਼ਬਦਾਂ ਵਿਚ ਇਸ ਨਾਲ ਸਹਿਮਤੀ ਪ੍ਰਗਟਾਈ। ਮੈਂ ਆਪਣੇ 'ਸਿੱਖ ਮੈਰਿਜ ਐਕਟ, 2012' ਦੇ ਖਰੜੇ ਦੀ ਕਾਪੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਜੀ ਗਿਆਨੀ ਗੁਰਬਚਨ ਸਿੰਘ ਜੀ ਨੂੰ ਪੇਸ ਕੀਤੀ ਅਤੇ ਉਨ੍ਹਾਂ ਨੇ ਆਪਣੇ ਭਾਸਣ ਵਿਚ ਕਿਹਾ ਕੀ ਸਾਨੂੰ ਸਿੱਖ ਪੰਥ ਨੂੰ ਅਜੇਹੇ ਕਾਨੂੰਨ ਦੀ ਲੋੜ ਹੈ ਅਤੇ ਅਸੀ ਕਮੇਟੀ ਬਣਾਕੇ ਇਸ ਉੱਤੇ ਸਾਰਿਆਂ ਦੇ ਵਿਚਾਰ ਲਵਾਂਗੇ। ਉਨ੍ਹਾਂ ਨੇ ਖਾਸ ਤੌਰ ਤੇ ਇਹ ਵੀ ਕਿਹਾ ਕਿ ਅਸੀ ਇਸ ਨੂੰ ਇੰਟਰਨੈਂਟ ਤੇ ਪਾਵਾਂਗੇ, ਤਾਂ ਕਿ ਸਾਰੇ ਆਪਣੇ ਆਪਣੇ ਸੁਝਾਅ ਦੇ ਸਕਣ। ਬੋਲੇ ਸੋ ਨਿਹਾਲ ਦੇ ਜੈਕਾਰਿਆਂ ਵਿਚ ਇਸ ਨੂੰ ਪ੍ਰਵਾਨਗੀ ਦਿੱਤੀ ਗਈ। 16 ਮਈ, 2012 ਨੂੰ ਇਹ ਖਬਰ ਲਗਭਗ ਸਾਰੇ ਅਖਬਾਰਾਂ ਦੀ ਸੁਰਖੀ ਬਣੀ।

ਮੁੱਖ ਮੰਤਰੀ ਸ. ਪ੍ਰਕਾਸ ਸਿੰਘ ਬਾਦਲ ਵੱਲੋਂ ਇਸ ਵਿਸ਼ੇ ਤੇ ਜਾਣਕਾਰੀ ਲੈਣ ਲਈ ਇੱਛਾ ਪ੍ਰਗਟ ਕੀਤੀ ਗਈ। ਕਪੂਰਥਲਾ ਹਾਊਸ, ਦਿੱਲੀ ਵਿਚ ਸ਼ਾਮ 5 ਵਜੇ ਕਰੀਬ ਇਹ ਮੀਟਿੰਗ ਅਯੋਜਨ ਕੀਤੀ ਗਈ ਅਤੇ ਮੈਨੂੰ ਇਸ ਮੀਟਿੰਗ ਵਿਚ ਸਿੱਖ ਮੈਰਿਜ ਐਕਟ ਦੇ ਖਰੜੇ ਤੇ ਪਾਵਰ ਪੁਆਇੰਟ ਪੇਸ਼ਕਾਰੀ ਦੇਣ ਲਈ ਕਿਹਾ ਗਿਆ। ਇਸ ਮੀਟਿੰਗ ਵਿਚ ਉਸ ਵਕਤ ਦੇ ਅਕਾਲੀ ਦਲ ਗਠਜੋੜ ਦੇ ਲਗਭਗ ਸਾਰੇ ਮੈਂਬਰ ਪਾਰਲੀਮੈਂਟ, ਪ੍ਰਧਾਨ ਸ੍ਰੋਮਣੀ ਗੁਰਦੁਆਰਾ ਕਮੇਟੀ ਸ. ਅਵਤਾਰ ਸਿੰਘ ਮੱਕੜ, ਸ.ਸਤਿਆਜੀਤ ਸਿੰਘ ਮਜੀਠੀਆ, ਸ. ਤਰਲੋਚਨ ਸਿੰਘ, ਸ. ਐਚ.ਐਸ.ਫੂਲਕਾ ਆਦਿ ਸ਼ਾਮਿਲ ਸਨ।ਇਸ ਮੀਟਿੰਗ ਵਿਚ ਮੈਂ 'ਸਿੱਖ ਮੈਰਿਜ ਐਕਟ, 2012' ਦੇ ਖਰੜੇ ਬਾਰੇ ਪਾਵਰ ਪੁਆਇੰਟ ਪੇਸ਼ਕਾਰੀ (ਜਿਸ ਨੂੰ ਅਗਿਆਨਤਾ ਕਰਕੇ ਸ. ਤਰਲੋਚਨ ਸਿੰਘ ਨੇ ਵੀਡੀਓ ਬਣਾ ਕੇ ਬਿਲ ਦਾ ਵਿਰੋਧ ਕੀਤਾ ਦੱਸਿਆ ਹੈ) ਦਿੱਤੀ। ਸਿੱਖ ਮੈਰਿਜ ਐਕਟ ਦੇ ਖਰੜੇ ਵਿਚ ਮੈਂ ਜਿਥੇ ਸਾਰੀਆਂ ਮੱਦਾ ਤੇ ਚਰਚਾ ਕੀਤੀ, ਉਥੇ 'ਸਿੱਖ ਮੈਰਿਜ ਐਕਟ' ਅਤੇ 'ਅਨੰਦ ਮੈਰਿਜ (ਸੋਧ) ਐਕਟ 2012 ਦੇ ਫਰਕ ਬਾਰੇ ਵੀ ਦੱਸਿਆ।

ਇਸ ਦੇ ਨਾਲ ਮੈਂ ਇਹ ਸ਼ਪੱਸ਼ਟ ਕੀਤਾ ਕਿ ਜੋ ਹੁਣ ਅਨੰਦ ਮੈਰਿਜ ਐਕਟ, 1909 ਵਿਚ ਸੋਧ ਹੋਣ ਜਾ ਰਹੀ ਹੈ, ਉਸ ਨਾਲ ਤਾਂ ਸਿਰਫ ਇਕ ਧਾਰਾ 6 ਜੋੜੀ ਜਾ ਰਹੀ ਹੈ, ਜਿਸ ਵਿਚ ਅਨੰਦ ਕਾਰਜ ਦੁਆਰਾ ਕੀਤੇ ਵਿਆਹਾਂ ਦੇ ਰਜਿਸਟਰੇਸ਼ਨ ਕਰਨ ਦਾ ਪ੍ਰਵਧਾਨ ਹੈ। ਇਸ ਐਕਟ ਦੀ ਸੋਧ ਵਿੱਚ ਕਿਤੇ ਵੀ ਬਾਕੀ ਧਰਮਾਂ ਦੇ ਵਿਆਹ ਐਕਟਾ ਵਿਚ ਮੌਜੂਦ ਪ੍ਰਵਧਾਨ, ਜਿਵੇਂ ਵਿਆਹ ਦੀਆਂ ਸ਼ਰਤਾਂ, ਵਿਆਹ ਦਾ ਮੁੜ ਸਥਾਪਣ, ਨਿਆਇਕ ਅਲਹਿਦਗੀ, ਸੁੰਨ ਅਤੇ ਸੁੰਨਕਰਨਯੋਗ ਵਿਆਹ, ਤਲਾਕ, ਨਿਜਾਇਜ਼ ਬੱਚਿਆਂ ਦੀ ਸਿੱਖਿਆ ਸੰਭਾਲ, ਵਿਆਹੁਤਾ ਧਿਰਾ ਦੀ ਸੰਪਤੀ ਆਦਿ ਦੀ ਕੋਈ ਵਿਵਸਥਾ ਨਹੀਂ ਕੀਤੀ ਜਾ ਰਹੀ। ਇਸ ਕਰਕੇ ਇਹ ਸੋਧ ਹੋ ਜਾਣ ਤੋਂ ਬਾਅਦ ਵੀ ਸਿੱਖਾਂ ਨੂੰ ਉਪਰੋਕਤ ਮਾਮਲਿਆਂ ਬਾਰੇ ਹਿੰਦੂ ਮੈਰਿਜ਼ ਐਕਟ,1955 ਅਧੀਨ ਹੀ ਰੱਖਿਆ ਜਾਵੇਗਾ। ਮੈਂ ਆਪਣੀ ਪਾਵਰ ਪੁਆਇੰਟ ਪੇਸ਼ਕਾਰੀ ਵਿੱਚ ਪਾਕਿਸਤਾਨ ਵਿਚ ਬਣੇ 'ਸਿੱਖ ਵਿਆਹ ਆਰਡੀਨੈਂਸ, 2008' ਦਾ ਵੀ ਵੇਰਵਾ ਦਿੱਤਾ ਕਿ ਇਸ ਕਾਨੂੰਨ ਵਿਚ ਸਿੱਖਾਂ ਲਈ ਉਪਰੋਕਤ ਸਾਰੀਆਂ ਮਦਾ ਸਾਮਿਲ ਹਨ। ਇਸ ਕਰਕੇ ਸਾਨੂੰ ਅਨੰਦ ਮੈਰਿਜ ਐਕਟ ਵਿਚ ਵਿਆਹ ਦੀ ਰਜਿਸਟਰੇਸ਼ਨ ਦੀ ਇਸ ਨਗੁਣੀ ਜਿਹੀ ਸੋਧ ਦੀ ਬਜਾਇ ਸੰਪੂਰਣ 'ਸਿੱਖ ਮੈਰਿਜ ਐਕਟ' ਦੀ ਮੰਗ ਕਰਨੀ ਚਾਹੀਦੀ ਹੈ, ਜਿਸ ਦਾ ਖਰੜਾ ਮੈਂ ਪੇਸ਼ ਕੀਤਾ ਹੈ।

ਇਸ ਮੀਟਿੰਗ ਵਿਚ ਮੇਰੇ ਤੋਂ ਬਿਨ੍ਹਾਂ ਸਿਰਫ ਤਿੰਨ ਸਖਸ਼ੀਅਤਾਂ ਨੇ ਹੀ ਆਪਣੇ ਆਪਣੇ ਵਿਚਾਰ ਰੱਖੇ। ਜਿਨ੍ਹਾਂ ਵਿਚੋਂ ਸ. ਬਲਵਿੰਦਰ ਸਿੰਘ ਭੂੰਦੜ, ਜਿਨ੍ਹਾਂ ਨੇ ਮੈਨੂੰ ਸੰਵਿਧਾਨ ਦੇ ਆਰਟੀਕਲ 25 ਬਾਰੇ ਪੁੱਛਿਆ ਅਤੇ ਮੈਂ ਜਸਟਿਸ ਵੈਂਕਟਾਚਲੀਆ ਕਮਿਸ਼ਨ ਦਾ ਹਵਾਲਾ ਦਿੰਦੇ ਹੋਏ ਸਪੱਸ਼ਟ ਕੀਤਾ ਕਿ ਹੁਣ ਇਸ ਧਾਰਾ ਦੀ ਸੋਧ ਕਰਨ ਲਈ ਮੰਗ ਕਰਨਾ ਕਾਨੂੰਨੀ ਜਾਇਜ਼ ਹੈ। ਦੂਸਰਾ, ਜਦੋਂ ਮੈਂ ਮੀਟਿੰਗ ਵਿੱਚ ਇਹ ਗੱਲ ਦੱਸੀ ਕਿ ਸ. ਪ੍ਰਤਾਪ ਸਿੰਘ ਬਾਜਵਾ ਐਮ.ਪੀ. ਦੀ ਮੌਜੂਦਗੀ ਵਿਚ ਮੇਰੀ ਭਾਰਤੀ ਕਾਨੂੰਨ ਮੰਤਰੀ ਖਰਸੀਦ ਜੀ ਨਾਲ ਫੋਨ ਤੇ ਗੱਲ ਹੋਈ ਹੈ ਅਤੇ ਜਦੋਂ ਮੈਂ ਉਨ੍ਹਾਂ ਨੂੰ ਅਨੰਦ ਮੈਰਿਜ ਐਕਟ ਵਿਚ ਨਗੁਣੀ ਜਿਹੀ ਸੋਧ ਦੀ ਥਾਂ ਸਿੱਖ ਮੈਰਿਜ ਐਕਟ ਪਾਸ ਕਰਨ ਬਾਰੇ ਬੇਨਤੀ ਕੀਤੀ, ਤਾਂ ਉਨ੍ਹਾਂ ਦਾ ਜਵਾਬ ਸੀ ਕਿ ਤੁਹਾਡੇ ਨੇਤਾ ਤਾਂ ਸਿਰਫ ਰਜਿਸਟਰੇਸ਼ਨ ਦੀ ਹੀ ਮੰਗ ਕਰ ਰਹੇ ਹਨ। ਜਦੋਂ ਉਹ ਸੰਪੂਰਨ ਸਿੱਖ ਮੈਰਿਜ਼ ਐਕਟ ਦੀ ਮੰਗ ਕਰ ਹੀ ਨਹੀਂ ਰਹੇ ਤਾਂ ਅਸੀ ਆਪ ਕਿਵੇਂ ਦੇ ਦਈਏ। ਇੱਥੇ ਇਹ ਵਰਨਣਯੋਗ ਹੈ ਕਿ ਸ. ਤਰਲੋਚਨ ਸਿੰਘ ਨੇ ਆਪਣੇ ਇਸ ਲੇਖ ਦੇ ਅੰਤ ਵਿਚ ਭਾਰਤੀ ਕਾਨੂੰਨ ਮੰਤਰੀ ਖੁਰਸੀਦ ਵੱਲੋਂ ਲਿਖੀ ਕਿਤਾਬ ਦਾ ਹਵਾਲਾ ਦਿੰਦੇ ਹੋਏ ਲਿਖਿਆ ਹੈ ਕਿ ਉਨ੍ਹਾਂ ਨੇ ਇਸ ਕਿਤਾਬ ਵਿੱਚ ਲਿਖ ਦਿੱਤਾ ਹੈ ਕਿ ਪੰਜਾਬ ਕਾਂਗਰਸ ਦੇ ਕਈ ਮੈਂਬਰ ਪਾਰਲੀਮੈਂਟ ਵਿਚ ਇਸ ਬਿਲ ਨੂੰ ਰੁਕਵਾਉਣਾ ਚਾਹੁੰਦੇ ਸਨ। ਪਰ ਇਹ ਤੱਥ ਬੜੀ ਖੂਬੀ ਨਾਲ ਲਕੋ ਗਏ ਕਿ ਉਹ ਮੈਂਬਰ ਅਸਲ ਵਿਚ ਇਸ ਨਗੁਣੀ ਸੋਧ ਦੀ ਬਜਾਇ ਸੰਪੂਰਣ 'ਸਿੱਖ ਮੈਰਿਜ ਐਕਟ' ਦੀ ਜੋਰਦਾਰ ਮੰਗ ਕਰ ਰਹੇ ਸਨ। ਪਾਰਲੀਮੈਂਟ ਦਾ ਰਿਕਾਰਡ ਇਸ ਗੱਲ ਦਾ ਸਬੂਤ ਹੈ। ਸੋ ਜਦੋਂ ਮੈਂ ਖੁਰਸੀਦ ਜੀ ਨਾਲ ਗੱਲ ਦਾ ਜਿਕਰ ਕਰ ਰਿਹਾ ਸੀ, ਉਸ ਵਕਤ ਮੀਟਿੰਗ ਵਿੱਚ ਮੌਜੂਦ ਸ੍ਰੀ ਨਰੇਸ਼ ਗੁਜਰਾਲ,ਐਮ. ਪੀ. ਨੇ ਪ੍ਰੋੜਤਾ ਕੀਤੀ ਕਿ ਖੁਰਸ਼ੀਦ ਜੀ ਨੇ ਇਹ ਗੱਲ ਉਨ੍ਹਾਂ ਨੂੰ ਵੀ ਕਹੀ ਹੈ ਕਿ ਸਿੱਖ ਨੇਤਾ ਤਾਂ ਸੰਪੂਰਣ ਸਿੱਖ ਮੈਰਿਜ ਐਕਟ ਦੀ ਮੰਗ ਹੀ ਨਹੀਂ ਕਰ ਰਹੇ। ਉਨ੍ਹਾਂ ਨੇ ਇਹ ਗੱਲ ਬਾਦਲ ਸਾਹਿਬ ਨੂੰ ਸੰਬੋਧਿਤ ਹੁੰਦੇ ਕਹੀ ਸੀ।

ਸ. ਅਵਤਾਰ ਸਿੰਘ ਮੱਕੜ ਜੀ ਵਾਰੇ ਜੋ ਜਿਕਰ ਕੀਤਾ ਗਿਆ ਹੈ ਕਿ ਉਨ੍ਹਾਂ ਨੇ ਡਟ ਕੇ 'ਮੇਰੇ ਬਿਲ' ਦੀ ਹਮਾਇਤ ਕੀਤੀ, ਬਿਲਕੁਲ ਬੇਬੁਨਿਆਦ ਤੇ ਝੂਠ ਹੈ। ਹੋਇਆ ਇਹ ਸੀ ਜਦੋਂ ਸ. ਤਰਲੋਚਨ ਸਿੰਘ ਨੇ ਮੇਰੀ ਪਾਵਰ ਪੁਆਇੰਟ ਪੇਸ਼ਕਾਰੀ ਤੋਂ ਬਾਅਦ ਬੋਲਦੇ ਹੋਏ ਦੱਸਿਆ ਕਿ ਮੈਂ ਸ੍ਰੋਮਣੀ ਗੁਰਦੁਆਰਾ ਕਮੇਟੀ ਤੋਂ ਮਨਜੂਰੀ ਦੀ ਚਿੱਠੀ ਲਿੱਤੀ ਸੀ, ਜੋ ਦਿਲਮੇਗ ਨੇ ਭੇਜੀ ਸੀ, ਤਾਂ ਸ. ਮੱਕੜ ਜੀ ਨੇ ਇਸ ਦੀ ਜਾਣਕਾਰੀ ਤੋਂ ਇਨਕਾਰ ਕੀਤਾ।ਬਾਦਲ ਸਾਹਿਬ ਨੇ ਮੱਕੜ ਸਾਹਿਬ ਨੂੰ ਜੋ ਕਿਹਾ ਮੈਂ ਇਥੇ ਲਿੱਖਣਾ ਠੀਕ ਨਹੀਂ ਸਮਝਦਾ। ਸਿਰਫ ਇੰਨੀ ਗੱਲ ਹੋਈ ਸੀ ਨਾ ਕਿ ਡਟ ਕੇ ਹਿਮ-ਾਇਤ ਦੀ। ਤੀਸਰਾ ਜਿਕਰ ਮੈਂ ਬੀਬਾ ਹਰਸਿਮਰਤ ਕੌਰ ਬਾਦਲ ਐਮ.ਪੀ. ਦਾ ਕਰਨਾ ਚਾਹਾਂਗਾ, ਜਿਨ੍ਹਾਂ ਨੇ ਬੋੜੇ ਜੋਰ ਨਾਲ ਇਹ ਕਿਹਾ ਸੀ ਕਿ ਸਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਦਿੱਤਾ ਸੁਝਾਅ ਮੰਨਣਾ ਚਾਹੀਦਾ ਹੈ ਅਤੇ ਸਿੱਖ ਮੈਰਿਜ ਐਕਟ, ਜਿਸ ਦਾ ਖਰੜਾ ਅੱਜ ਪੇਸ਼ ਕੀਤਾ ਹੈ, ਉਸ ਅਧਾਰਤ ਮੰਗ ਕਰਨੀ ਚਾਹੀਦੀ ਹੈ। ਸ. ਸਤਿਆਜੀਤ ਸਿੰਘ ਮਜੀਠਾ (ਮਜੀਠੀਆ?) ਬਾਰੇ ਜੋ ਲੇਖ ਵਿੱਚ ਲਿੱਖਿਆ ਗਿਆ ਹੈ, ਉਹ ਸਰਾਸਰ ਝੂਠ ਹੈ ਕਿਉਂਕਿ ਬਾਕੀ ਮੈਂਬਰਾਂ ਵਾਂਗ ਉਨ੍ਹਾਂ ਨੇ ਵੀ ਕੋਈ ਗੱਲ ਨਹੀਂ ਕਹੀ। ਹਾਂ, ਇਕ ਹੋਰ ਮਹੱਤਵਪੂਰਨ ਗੱਲ ਸਾਂਝੀ ਕਰਨੀ ਚਾਹਾਂਗਾ। ਸ. ਤਰਲੋਚਨ ਸਿੰਘ ਨੇ ਇਸ ਮੀਟਿੰਗ ਵਿਚ ਬੋਲਦੇ ਹੋਏ ਕਿਹਾ ਕਿ 'ਸਿੱਖ ਮੈਰਿਜ ਐਕਟ' ਸਿਰਲੇਖ ਠੀਕ ਨਹੀਂ ਹੈ ਕਿਉਂਕਿ ਸਿੱਖਾਂ ਵਿੱਚ ਤਾਂ ਵਿਆਹ ਹੁੰਦਾ ਹੀ ਨਹੀਂ, ਅਨੰਦ ਕਾਰਜ ਹੁੰਦਾ ਹੈ। ਜਦੋਂ ਮੈਂ ਜਵਾਬ ਵਿਚ ਕਿਹਾ ਕਿ ਅਨੰਦ ਕਾਰਜ ਤਾਂ ਰੀਤੀ ਜਾਂ ਵਿਧਾਂਤ ਹੈ ਜਿਸ ਰਾਹੀ ਸਿੱਖ ਵਿਆਹ ਸੰਪੂਰਨ ਹੰਦਾ ਹੈ ਅਤੇ ਲਾਵਾਂ ਤੋਂ ਬਾਅਦ ਆਮ ਸ਼ਬਦ ਪੜਿਆ ਜਾਂਦਾ ਹੈ ਕਿ 'ਵੀਆਹੁ ਹੋਆ ਮੇਰੇ ਬਾਬੁਲਾ' ਤਾਂ ਉਨ੍ਹਾਂ ਨੇ ਆਪਣੀ ਸਪੀਚ ਦਾ ਰੁੱਖ ਹੀ ਬਦਲ ਲਿਆ ਅਤੇ ਅਕਾਲੀ ਦਲ ਨੂੰ ਸਿਆਸੀ ਨੁਕਸਾਨ ਹੋਣ ਦੀ ਰਟ ਲਾ ਦਿੱਤੀ। ਬਾਕੀ ਇਸ ਮੀਟਿੰਗ ਦਾ ਪੂਰਾ ਵਿਵਰਣ ਮੈਂ ਆਪਣੀ ਕਿਸੇ ਹੋਰ ਲੇਖਣੀ ਵਿੱਚ ਕਰਾਂਗਾ।

ਅਖੀਰ ਵਿੱਚ ਜਿੱਥੇ ਮੈਂ ਇਤਿਹਾਸ ਦੇ ਪੰਨਿਆਂ ਵਿੱਚ ਅਨੰਦ ਮੈਰਿਜ ਐਕਟ,1909 ਵਿੱਚ ਨਗੁਣੀ ਸੋਧ ਬਾਰੇ, ਸੱਚੇ ਤੱਥ ਦਰਜ ਕਰ ਰਿਹਾਂ ਹਾਂ, ਉੱਥੇ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਭਾਵੇਂ ਅਨੰਦ ਮੈਰਿਜ ਐਕਟ,1909 ਵਿੱਚ 2012 ਦੀ ਸੋਧ ਨਾਲ ਜੋ ਝੂਠੀ ਸੋਹਰਤ ਖੱਟਣ ਲਈ ਬਿਆਨਬਾਜੀ ਕੀਤੀ ਗਈ ਅਤੇ ਕਿਹਾ ਗਿਆ ਸੀ ਕਿ ਇਸ ਨਵੇਂ ਬਿੱਲ ਜਾਂ ਸੋਧ ਨਾਲ ਸਿੱਖਾਂ ਨੂੰ ਸਿੱਖ ਰੀਤੀ ਅਨੁਸਾਰ ਵਿਆਹ ਕਰਨ ਪਿੱਛੋਂ ਸਿੱਧਾ 'ਸਿੱਖ ਮੈਰਿਜ ਸਰਟੀਫਿਕੇਟ' ਮਿਲ ਸਕੇਗਾ ਜਾਂ ਸਿੱਖਾਂ ਦੀ ਵੱਖਰੀ ਪਹਿਚਾਣ ਬਣੇਗੀ, ਕੋਰਾ ਝੂਠ ਨਿਕਲਿਆ। ਭਾਰਤ ਦੇ ਕਿਸੇ ਵੀ ਰਾਜ ਭਾਵੇਂ ਉਹ ਪੰਜਾਬ ਹੋਏ, ਦਿੱਲੀ ਜਾਂ ਹਰਿਆਣਾ, ਸਿੱਖਾਂ ਦੇ ਵਿਆਹ ਰਜਿਸ਼ਟੇਰੇਸ਼ਨ ਸਰਟੀਫਿਕੇਟ ਤੇ ਕਿਤੇ ਵੀ 'ਸਿੱਖ' ਜਾਂ 'ਸਿੱਖ ਮੈਰਿਜ' ਨਹੀਂ ਲਿਖਿਆ ਜਾਂਦਾ। ਸੱਭ ਤੋਂ ਵੱਡੀ ਗਲ ਕਿ ਸਿੱਖਾਂ ਨੂੰ ਅੱਜ ਵੀ ਵਿਆਹ, ਤਲਾਕ ਆਦਿ ਸਬੰਧਤ ਮਾਮਲਿਆਂ ਲਈ ਹਿੰਦੂ ਮੈਰਿਜ ਐਕਟ, 1955 ਅਧੀਨ ਹੀ ਕੇਸ ਕਰਨਾ ਪੈਂਦਾ ਹੈ। ਬਾਕੀ ਹੋਰ ਕਾਨੂੰਨੀ ਮੱਦਾਂ ਬਾਰੇ, ਜਿਨ੍ਹਾਂ ਨੇ ਸਿੱਖੀ ਦੀ ਵਲੱਖਣ ਪਹਿਚਾਣ ਨੂੰ ਨਗੁਣੀ ਸੋਧ ਨਾਲ ਢਾਹ ਲਾਈ ਹੈ, ਕਦੇ ਫਿਰ ਤੁਹਾਡੇ ਨਾਲ ਵਿਚਾਰ ਸਾਂਝੇ ਕਰਾਂਗੇ। ਸਾਨੂੰ ਅੱਜ ਜਰੂਰਤ ਹੈ, ਉਨ੍ਹਾਂ ਸਿੱਖ ਨੇਤਾਵਾਂ ਦੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਓਟ ਆਸਰਾ ਲੈ ਕੇ ਸੱਚ ਦੇ ਮਾਰਗ ਤੇ ਚੱਲਣ ਅਤੇ ਸਿੱਖਾਂ ਦੀ ਅਗਵਾਈ ਕਰਨ ਨਾਂ ਕਿ ਸਿੱਖ ਵਿਰੋਧੀ ਤਾਕਤਾਂ ਦੇ ਹੱਥ ਠੋਕੇ ਬਣਕੇ, ਸਿੱਖੀ ਦਾ ਘਾਣ ਕਰਨ। ਵਾਹਿਗੁਰੂ ਜੀਓ ਆਪ ਅੰਗ ਸੰਗ ਸਹਾਈ ਹੋ ਕੇ, ਸਿੱਖੀ ਦੀ ਚੜਦੀ ਕਲਾ ਦੀ ਬਖਸਿਸ਼ ਕਰਨ, ਇਹੋ ਅਰਦਾਸ ਹੈ ਜੀ।

## ਵਿਅੰਗ: ਇਹੀ ਤਾਂ ਵਿਕਾਸ ਹੈ

-ਗੋਵਿੰਦ ਸ਼ਰਮਾ

ਆਈ ਡੀ ਦਾ ਆਇਡੀਆਜਿਸ ਨੇ ਵੀ ਦਿੱਤਾ, ਉਸ ਨੂੰ ਸੱਤ ਸਲਾਮ। ਪਿਛਲੀ ਸਦੀ ਦੇ ਮੱਧ ਵਿੱਚ ਜਦੋਂ ਪਿੰਡ ਦੇ ਸਕੂਲ ਵਿੱਚ ਸੀ, ਸਾਡੇ ਕੋਲ ਵੀ ਉਦੋਂ ਆਈ ਡੀ ਹੁੰਦੀ ਸੀ, ਪੋਰਟੇਬਲ ਅਤੇ ਟਰਾਂਸਫਰੇਬਲ, ਇਹ ਲੱਕੜੀ ਦੇ ਦੋ ਛੋਟੇ 'ਗੁਟਕੇ' ਹੁੰਦੇ ਸੀ। ਉਸ ਦੇ ਇੱਕ ਪਾਸੇ ਜਮਾਤ ਦਾ ਨਾਂਅ ਲਿਖਿਆ ਹੁੰਦਾ ਸੀ ਤਾਂ ਦੂਜੇ ਪਾਸੇ ਪਾਸ ਜਾਂ ਉਹ, ਜਿਸ ਨੂੰ ਅੱਜਕੱਲ੍ਹ ਹਿੰਦੀ ਵਿੱਚ ਵੀ 'ਯੂਰਿਨ' ਕਿਹਾ ਜਾਂਦਾ ਹੈ।ਕਲਾਸ ਤੋਂ ਬਾਹਰ ਜਾਂਦੇ ਸਮੇਂ ਆਪਣੇ ਹੱਥ ਵਿੱਚ ਉਨ੍ਹਾਂ ਵਿੱਚੋਂ ਇੱਕ ਗੁਟਕਾ, ਜਿਸ ਨੂੰ ਉਦੋਂ 'ਪਾਸ' ਕਿਹਾ ਜਾਂਦਾ ਸੀ, ਹੋਣਾ ਚਾਹੀਦਾ ਸੀ। ਇਸ ਨਾਲ ਇੱਕ ਫਾਇਦਾ ਇਹ ਹੁੰਦਾ ਸੀ ਕਿ ਇੱਕ ਵਾਰਦੋਂ ਤੋਂ ਵੱਧ ਬੱਚੇ ਇੱਕ ਜਮਾਤ ਤੋਂ ਬਾਹਰ ਨਹੀਂ ਹੁੰਦੇ ਸੀ। ਪਾਣੀ ਦੇ ਘੜੇ ਉੱਤੇ ਵੀ ਵੱਧ ਮਾਰਾ-ਮਾਰੀ ਨਹੀਂ ਹੁੰਦੀ ਸੀ।ਦੂਜਾ ਕਈ ਵਾਰ ਹੈੱਡਮਾਸਟਰ ਦੇ ਅਚਾਨਕ ਨਿਰੀਖਣ ਸਮੇਂ ਆਪਣੀ ਜਮਾਤ ਦਾ ਸਬੂਤ ਦੇਣਾ ਹੁੰਦਾ ਸੀ। ਅੱਜਕੱਲ੍ਹ ਸਕੂਲ ਦੇ ਹਰ ਬੱਚੇ ਦੇ ਗਲੇ ਵਿੱਚ ਉਸ ਦੀ ਫੋਟੋ ਵਾਲੀ ਆਈ ਡੀ ਲਟਕਦੀ ਹੈ। ਕਈ ਥਾਂ ਟੀਚਰਾਂ ਦੇ ਗਲ ਵਿੱਚ ਵੀ ਪੱਟਾ ਲਟਕਿਆ ਹੁੰਦਾ ਹੈ, ਪਰ ਪਛਾਣ ਦਾ ਸੰਕਟ ਆਮ ਆਦਮੀ ਦੇ ਸਾਹਮਣੇ ਸਭ ਤੋਂ ਵੱਧ ਵਾਰ ਹਾਜ਼ਰ ਹੁੰਦਾ ਹੈ। ਅਜੇ ਉਸ ਦਿਨ ਮੇਲੇ ਦੀ ਗੱਲ ਹੈ, ਇੱਕ ਭਿਖਾਰੀ ਨੂੰ ਇੱਕ ਵਰਦੀ ਵਾਲੇ ਨੇ ਰੋਕ ਲਿਆ, "ਓਏ, ਕੌਣ ਏ ਤੂੰ? ਭਿਖਾਰੀ ਦੇ ਭੇਸ ਵਿੱਚ ਇੱਥੇ ਕਿਉਂ ਘੁੰਮ ਰਿਹਾ ਏਂ? ਕਿਤੇ ਘੁਸਪੈਠੀਆ ਤਾਂ ਨਹੀਂ?"

"ਨਹੀਂ ਸਾਹਿਬ, ਘੁਸਪੈਠੀਆ ਨਹੀਂ ਹਾਂ...।"

"ਸ਼ੱਕ ਹੋ ਰਿਹਾ ਹੈ ਮੈਨੂੰ, ਕਿਉਂਕਿ ਸਾਡੀਆਂ ਚਾਰੇ ਦਿਸ਼ਾਵਾਂ ਘੁਸਪੈਠੀਆਂ ਲਈ ਖੁੱਲ੍ਹੀਆਂ ਰਹਿੰਦੀਆਂ ਹਨ।"

"ਸਾਹਿਬ, ਮੇਰੀ ਤਾਂ ਇਹੀ ਡ੍ਰੈੱਸ ਹੈ, ਇਹੀ ਭੇਸ ਹੈ। ਸਾਲਾਂ ਤੋਂ ਇਸੇ ਡਰੈੱਸ-ਭੇਸ ਵਿੱਚ ਮੇਲੇ ਵਿੱਚ ਆ ਰਿਹਾ ਹਾਂ। ਤੁਸੀਂ ਵੀ ਇੱਥੇ ਡਿਊਟੀ ਉੱਤੇ ਹੁੰਦੇ ਹੋ। ਸਬੂਤ ਦੇ ਤੌਰ ਉੱਤੇ ਮੇਰੀ ਆਈ ਡੀ ਦੇਖੋ। ਇਹ ਆਧਾਰ ਕਾਰਡ ਹੈ ਅਤੇ ਇਹ ਪੈਨਕਾਰਡ ਹੈ। ਮੈਂ ਦੋਵੇਂ ਲਿੰਕਡ ਕਰਵਾ ਰੱਖੇ ਹਨ।"

"ਵਾਹ, ਬੜਾ ਕਿਸਮਤਵਾਲਾ ਏਂ, ਜੋ ਬਿਨਾਂ ਬਿੱਲ ਦੀ ਇਸ ਕਮਾਈ ਦੇ ਆਧਾਰ ਉੱਤੇ ਇਨਕਮ ਰਿਟਰਨ ਭਰ ਦਿੰਦਾ ਏਂ। ਅਸੀਂ ਇਸ ਮੇਲੇ ਦੀ ਕਮਾਈ ਕਿਸੇ ਨੂੰ ਦਿਖਾ ਨਹੀਂ ਸਕਦੇ, ਕਹਿੰਦੇ ਹੋਏ ਉਸ ਵਰਦੀ ਵਾਲੇ ਨੇ ਕਟੋਰੇ ਵਿੱਚੋਂ ਦਸ ਰੁਪਏ ਦਾ ਇੱਕ ਨੋਟ ਚੁੱਕਿਆ ਅਤੇ ਖਿਸਕ ਗਿਆ।"

ਆਈ ਨਾ ਆਈ ਡੀ ਕੰਮ? ਉਸ ਬੜਬੋਲੇ ਨੂੰ ਨਾ ਸੁਣੋ, ਜੋ ਕਹਿ ਰਿਹਾ ਹੈ ਕਿ ਇੱਥੇ ਆਧਾਰ, ਪੈਨ ਨਹੀਂ, 10 ਦੇ ਨੋਟ ਨੇ ਆਈ ਡੀ ਦੀ ਭੂਮਿਕਾ ਨਿਭਾਈ ਹੈ।ਸਿਰਫ ਆਮ ਲੋਕਾਂ ਲਈ ਨਹੀਂ,ਆਈ ਡੀ ਖਾਸ ਲੋਕਾਂ ਲਈ ਵੀ ਕੰਮ ਆਉਂਦੀ ਹੈ-ਮੇਲਿਆਂ ਵਿੱਚ ਨਾ ਸਹੀ, ਝਮੇਲਿਆਂ ਵਿੱਚ ਤਾਂ ਕੰਮ ਆਉਂਦੀ ਹੈ।

ਅਜੇ ਉਸ ਦਿਨ ਦੂਰ ਦੇ ਪਿੰਡ ਵਿੱਚ ਨੇਤਾ ਜੀ ਪੰਜ ਸਾਲ ਬਾਅਦ ਗਏ ਵੋਟ ਦੀ ਬੇਨਤੀ ਕਰਨ। ਕਿਸੇ ਨੇ ਨਹੀਂ ਪਛਾਣਿਆ ਤਾਂ ਨੇਤਾ ਜੀ ਨੂੰ ਬੜਾ ਗੁੱਸਾ ਆਇਆ। ਉਹ ਬੋਲੇ, "ਭੁੱਲ ਗਏ ਤੁਸੀਂ ਲੋਕ, ਪੰਜ ਸਾਲ ਪਹਿਲਾਂ ਆਇਆ ਸੀ, ਤੁਹਾਡੇ ਤੋਂ ਵੋਟ ਲੈਣ। ਵੋਟ ਲਈਆਂ ਵੀ। ਫਿਰ ਵੀ ਨਹੀਂ ਪਛਾਣਦੇ? ਭੁਲੱਕੜ ਹੋ ਜਾਂ ਅਹਿਸਾਨ ਫਰਾਮੋਸ਼?"

ਕੋਈ ਜਵਾਬ ਨਹੀਂ ਮਿਲਿਆ ਤਾਂ ਨੇਤਾ ਜੀ ਨੇ ਜੇਬ ਵਿੱਚੋਂ ਆਈ ਡੀਕੱਢ ਕੇ ਦਿਖਾਈ। ਉਸ ਵਿੱਚ ਚਿਪਕੀ ਫੋਟੋ ਦੇਖ ਕੇ ਇੱਕ ਪਿੰਡ ਵਾਲੇ ਨੇ ਕਿਹਾ, "ਇਹ ਤੁਹਾਡੀ ਫੋਟੋ ਹੈ? ਇਸ ਵਿੱਚ ਤੁਸੀਂ ਚਾਲੀ ਕਿਲੋ ਦੇ ਲੱਗਦੇ ਹੋ ਅਤੇ ਸਾਨੂੰ, ਤੁਸੀਂ 140 ਕਿਲੋ ਤੋਂ ਘੱਟ ਨਜ਼ਰ ਨਹੀਂ ਆ ਰਹੇ।"

"ਪਛਾਣ ਲਿਆ ਨਾ ਤੁਸੀਂ ਲੋਕਾਂ ਨੇ। ਇਹ ਠੀਕ ਹੈ, ਉਦੋਂ ਜੋ ਚਾਲੀ ਕਿਲੋ ਸੀ, ਉਹ ਅੱਜ 140 ਕਿਲੋ ਤੋਂ ਘੱਟ ਨਹੀਂ ਹੈ। ਇਹੀ ਉਹ ਵਿਕਾਸ ਹੈ, ਜੋ ਮੈਂ ਤੁਹਾਡੇ ਲਈ ਲਿਆਉਣਾ ਚਾਹੁੰਦਾ ਹਾਂ। ਤੁਹਾਡੇ ਦਰ ਉੱਤੇ, ਤੁਹਾਡੇ ਘਰ ਵਿੱਚ ਡਰਾਇੰਗ ਰੂਮ, ਬੈਡਰੂਮ, ਕਿਚਨ ਤੱਕ ਵਿਕਾਸ ਨੂੰ ਪਹੁੰਚਾਉਣਾ ਚਾਹੁੰਦਾ ਹਾਂ। ਇੱਥੋਂ ਤੱਕ ਕਿ ਤੁਹਾਡੇ ਢਿੱਡ ਤੱਕ ਇੰਨਾ ਕਿ ਢਿੱਡ ਉੱਤੇ ਅਫਾਰਾ ਆ ਜਾਵੇ...।"

"ਪਛਾਣ ਲਿਆ, ਪਛਾਣ ਲਿਆ" ਦਾ ਸ਼ੋਰ ਸ਼ੁਰੂ ਹੋ ਗਿਆ। ਨੇਤਾ ਜੀ ਨੇ ਇੱਕ ਪਾਸੇ ਦੇਖ ਕੇ ਕਿਹਾ "ਦੇਖਿਆ ਆਈ ਡੀ ਦੀ ਪਾਵਰ? ਕਿੰਨੀ ਜਲਦੀ ਪਛਾਣਿਆਂ ਇਨ੍ਹਾਂ ਲੋਕਾਂ ਨੇ ਮੈਨੂੰ। ਜੇ ਅੱਜ ਮੇਰੇ ਕੋਲ ਇਹ ਆਈ ਡੀ ਨਾ ਹੁੰਦੀ ਤਾਂ ਕਿੰਨੀ ਮੁਸ਼ਕਲ ਹੁੰਦੀ?"

ਉਹ 'ਬੜਬੋਲਾ' ਹਰ ਥਾਂ ਮੌਜੂਦ ਹੁੰਦਾ ਹੈ। ਬੋਲ ਪਿਆ, "ਨਹੀਂ ਸਾਹਿਬ, ਤੁਹਾਡੀ ਆਈ ਡੀ ਨੇ ਤੁਹਾਡੀ ਪਛਾਣ ਨਹੀਂ ਦਿੱਤੀ, ਤੁਹਾਡੀ ਆਦਤ ਨੇ ਦਿੱਤੀ ਹੈ। ਵਾਅਦੇ ਅੁਤੇ ਵਾਅਦੇ ਕਰਨ, ਭਰੋਸਾ ਦੇਣ, ਸੁਫਨੇ ਦਿਖਾਉਣ ਦੀ ਤੁਹਾਡੀ ਆਦਤ ਨੇ ਤੁਹਾਡੀ ਪਛਾਣ ਕਰਵਾਈ ਹੈ। ਉਹ ਮਹਾਨ ਆਤਮਾ ਤੁਸੀਂ ਹੀ ਹੋ, ਜੋ ਕਦੇ ਕਿਸੇ ਰੰਗ ਵਿੱਚ ਤਾਂ ਕਦੇ ਕਿਸੇ ਰੂਪ ਵਿੱਚ ਪ੍ਰਗਟ ਹੋ ਕੇ ਸੱਤਰ ਸਾਲਾਂ ਤੋਂ ਇੱਕੋ ਜਿਹੇ ਸੁਫਨੇ ਦਿਖਾ ਰਹੇ ਹੋ ਅਤੇ ਇਨ੍ਹਾਂ ਦੀ ਵੋਟ ਲੈ ਰਹੇ ਹੋ।"

ਹੂੰ, ਕਹਿਣ ਦਿਓ, ਉਸ ਨੂੰ ਕੁਝ ਵੀ। ਅਸੀਂ ਤਾਂ ਕਹਾਂਗੇ, ਹਰ ਇਨਸਾਨ ਕੋਲ ਕੋਈ ਨਾ ਕੋਈ ਆਈ ਡੀ ਜ਼ਰੂਰ ਹੋਣੀ ਚਾਹੀਦੀ ਹੈ। ਆਈ ਡੀ ਦਾ ਆਈਡੀਆ ਦੇਣ ਵਾਲੇ ਤੈਨੂੰ ਇੱਕ ਵਾਰ ਫਿਰ ਸੱਤ ਸਲਾਮ।

# ਬੁਢਾਪਾ ਬੋਝ ਨਹੀਂ ਹੈ



ਬੁਢਾਪਾ ਜੀਵਨ ਦੀ ਸ਼ਾਮ ਹੈ। ਇਹ ਇੱਕ ਅਜਿਹਾ ਪੜਾਅ ਹੈ ਜਿਸ ਵਿੱਚੋਂ ਹਰ ਕਿਸੇ ਨੂੰ ਕਿਸੇ ਨਾ ਕਿਸੇ ਸਮੇਂ ਲੰਘਣਾ ਪੈਂਦਾ ਹੈ। ਕਿਹਾ ਜਾਂਦਾ ਹੈ ਕਿ ਬੁਢਾਪੇ ਵਿੱਚ ਇਨਸਾਨ ਬੱਚਿਆਂ ਵਾਂਗ ਵਿਵਹਾਰ ਕਰਨ ਲੱਗ ਪੈਂਦਾ ਹੈ ਪਰ ਅੱਜ ਦੇ ਸੰਦਰਭ ਵਿੱਚ ਇਹ ਗੱਲ ਸੱਚ ਨਹੀਂ ਜਾਪਦੀ। ਅੱਜ ਦੇ ਯੁੱਗ ਵਿੱਚ ਬੱਚੇ ਸਮੇਂ ਤੋਂ ਪਹਿਲਾਂ ਵੱਡੇ ਹੋਣ ਲੱਗ ਪਏ ਹਨ, ਉਨ੍ਹਾਂ ਦੀ ਸਮਝ ਨੂੰ ਛੇਤੀ ਹੀ ਖੰਭ ਲੱਗ ਜਾਂਦੇ ਹਨ। ਹਾਲਾਂਕਿ ਪੁਰਾਣੇ ਲੋਕ ਸਮੇਂ ਦੇ ਨਾਲ ਤਾਲਮੇਲ ਨਾ ਰੱਖਣ ਕਾਰਨ ਪਛੜਦੇ ਨਜ਼ਰ ਆ ਰਹੇ ਹਨ।

ਕਈ ਅਜਿਹੇ ਬਜ਼ੁਰਗ ਹਨ, ਜਿਨ੍ਹਾਂ ਦੇ ਸੰਘਰਸ਼ ਨੇ ਨਾ ਸਿਰਫ਼ ਉਨ੍ਹਾਂ ਨੂੰ ਮਜ਼ਬੂਤ ਬਣਾਇਆ, ਸਗੋਂ ਉਨ੍ਹਾਂ ਨੂੰ ਪੜ੍ਹੇ-ਲਿਖੇ ਹੋ ਕੇ ਹਾਲਾਤਾਂ ਦਾ ਮੁਕਾਬਲਾ ਕਰਨ ਦੇ ਯੋਗ ਵੀ ਬਣਾਇਆ। ਅਜਿਹੇ ਸਵੈ-ਮਾਣ ਵਾਲੇ ਅਤੇ ਸਰਗਰਮ ਲੋਕਾਂ ਨਾਲ, ਜਦੋਂ ਉਮਰ ਨਾਲ ਜੁੜੀਆਂ ਸਮੱਸਿਆਵਾਂ ਕਾਰਨ ਸਰੀਰਕ ਸਮੱਸਿਆਵਾਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ, ਤਾਂ ਨਿਰਭਰਤਾ ਟੁੱਟ ਜਾਂਦੀ ਹੈ। ਉਹ ਡਿਪ੍ਰੈਸ਼ਨ ਵਿੱਚ ਜਾਣ ਲੱਗਦੇ ਹਨ। ਡਿਪਰੈਸ਼ਨ ਬੁਢਾਪੇ ਦੀ ਗੰਭੀਰ ਸਮੱਸਿਆ ਹੈ। ਬਹੁਤ ਸਾਰੇ ਡਾਕਟਰ ਇਸ ਨੂੰ ਸਵੀਕਾਰ ਕਰਦੇ ਹਨ. ਅਸਲ ਵਿੱਚ, ਸਮਾਜਕਤਾ ਇੱਕ ਜ਼ਰੂਰੀ ਪਹਿਲੂ ਹੈ, ਜਿਸ ਤੋਂ ਬਿਨਾਂ ਜੀਵਨ ਸੰਭਵ ਨਹੀਂ ਹੈ। ਪੜ੍ਹਨਾ, ਲਿਖਣਾ, ਸਮਾਜਿਕ ਸੰਸਥਾਵਾਂ ਵਿੱਚ ਭਾਗੀਦਾਰੀ ਜਾਂ ਸਾਥੀਆਂ ਨਾਲ ਨਿਰੰਤਰ ਸੰਚਾਰ ਤੁਹਾਨੂੰ ਨਵੀਂ ਊਰਜਾ ਅਤੇ ਜੀਵਨਸ਼ਕਤੀ ਪ੍ਰਦਾਨ ਕਰਦਾ ਹੈ। ਇਕੱਲਤਾ ਦੂਰ ਹੋ ਜਾਂਦੀ ਹੈ। ਜੋ ਸੁੱਖ-ਦੁੱਖ ਤੁਸੀਂ ਘਰ ਵਿੱਚ ਸਾਂਝੇ ਨਹੀਂ ਕਰ ਸਕਦੇ, ਉਸ ਨੂੰ ਤੁਸੀਂ ਆਪਣੇ ਦੋਸਤਾਂ ਨਾਲ ਸਾਂਝਾ ਕਰਕੇ ਆਪਣਾ ਮਨ ਹਲਕਾ ਕਰ ਸਕਦੇ ਹੋ।

ਅੱਜ ਜੀਵਨ ਵਪਾਰਕ ਅਤੇ ਆਰਥਿਕ ਚੁਣੌਤੀਆਂ ਦੇ ਸਾਹਮਣੇ ਸਮਰਪਣ ਕਰ ਰਿਹਾ ਹੈ। ਨਤੀਜੇ ਵਜੋਂ ਕਿਸੇ ਕੋਲ ਘਰ ਦੇ ਬਜ਼ੁਰਗਾਂ ਦੀ ਗੱਲ ਸੁਣਨ, ਉਨ੍ਹਾਂ ਦੀ ਦੁਰਦ-ਸ਼ਾ ਸਮਝਣ ਦਾ ਸਮਾਂ ਨਹੀਂ ਹੈ। ਉਹ ਸਹੂਲਤਾਂ ਜੁਟਾ ਸਕਦੇ ਹਨ, ਸਹਾਇਕ ਰੱਖ ਸਕਦੇ ਹਨ, ਪਰ ਸਮਾਂ ਨਹੀਂ ਲਗਾ ਸਕਦੇ। ਅਜਿਹੀ ਸਥਿਤੀ ਵਿੱਚ, ਬਜ਼ੁਰਗ ਵਿਅਕਤੀ ਉਸ ਭਾਵਨਾਤਮਕ ਅਤੇ ਮਾਨਸਿਕ ਰਾਹਤ ਤੋਂ ਵਾਂਝਾ ਰਹਿ ਜਾਂਦਾ ਹੈ ਜਿਸਦੀ ਉਸਨੂੰ ਜ਼ਰੂਰਤ ਹੁੰਦੀ ਹੈ। ਸਰੀਰਕ ਅਪੰਗਤਾ ਉਸਨੂੰ ਕਿਤੇ ਵੀ ਜਾਣ ਨਹੀਂ ਦਿੰਦੀ।

ਉਹ ਮਹਿਸੂਸ ਕਰਨ ਲੱਗਦਾ ਹੈ ਕਿ ਦੂਜਿਆਂ 'ਤੇ ਬੋਝ ਹੈ। ਸਵੈ-ਮਾਣ ਵਾਲਾ ਵਿਅਕਤੀ ਕਦੇ ਵੀ ਇਹ ਪਸੰਦ ਨਹੀਂ ਕਰਦਾ, ਉਹ ਸੰਘਰਸ਼ ਦਾ ਰਾਹ ਪਸੰਦ ਕਰਦਾ ਹੈ। ਪ੍ਰਾਰਥਨਾ ਕਰੋ ਅਤੇ ਭੱਜੋ ਨਾ। ਸਾਡੇ ਸਮਾਜ ਦੀ ਸੋਚ ਵੀ ਬਜ਼ੁਰਗਾਂ ਪ੍ਰਤੀ ਬਹੁਤੀ ਉਤਸ਼ਾਹਜਨਕ ਨਹੀਂ ਹੈ। ਅਸੀਂ ਉਨ੍ਹਾਂ ਨੂੰ ਜ਼ਿੰਦਗੀ ਲਈ ਹਾਸ਼ੀਏ 'ਤੇ ਰੱਖ ਦਿੰਦੇ ਹਾਂ। ਜਾਪਾਨ ਸਭ ਤੋਂ ਵੱਧ ਉਮਰ ਦੇ ਲੋਕਾਂ ਦਾ ਦੇਸ਼ ਹੈ, ਉਥੋਂ ਦੀ ਸਰਕਾਰ ਉਨ੍ਹਾਂ ਨੂੰ ਆਪਣੇ ਹਿਸਾਬ ਨਾਲ ਸਹੂਲਤਾਂ ਦਿੰਦੀ ਹੈ।

ਉਨ੍ਹਾਂ ਨੂੰ ਵ੍ਹੀਲਚੇਅਰ 'ਤੇ ਲੈ ਜਾਣ ਲਈ ਸਾਡੇ ਕੋਲ ਕਈ ਥਾਵਾਂ 'ਤੇ ਰੈਂਪ ਵੀ ਨਹੀਂ ਹਨ। ਬਜ਼ੁਰਗਾਂ ਲਈ ਰੇਲਗੱਡੀ ਵਿੱਚ ਹੇਠਲੀ ਸੀਟ ਮਿਲਣੀ ਵੀ ਔਖੀ ਹੈ। ਰੇਲਵੇ ਵਿਭਾਗ ਬਜ਼ੁਰਗਾਂ ਨੂੰ ਕਿਰਾਏ ਵਿੱਚ ਦਿੱਤੀ ਜਾਣ ਵਾਲੀ ਰਿਆਇਤ ਬੰਦ ਕਰਕੇ ਪੰਦਰਾਂ ਸੌ ਕਰੋੜ ਰੁਪਏ ਬਚਾ ਕੇ ਆਪਣੀ ਪਿੱਠ ਥਪਥਪਾਉਂਦਾ ਹੈ, ਪਰ ਇਸ ਨੂੰ ਸੰਵੇਦਨਸ਼ੀਲ ਰਵੱਈਆ ਨਹੀਂ ਕਿਹਾ ਜਾਵੇਗਾ। ਹਸਪਤਾਲਾਂ ਵਿੱਚ ਲੰਮੀਆਂ ਕਤਾਰਾਂ ਲੱਗ ਜਾਂਦੀਆਂ ਹਨ ਅਤੇ ਅਕਸਰ ਬੈਠਣ ਦੇ ਯੋਗ ਪ੍ਰਬੰਧ ਨਹੀਂ ਹੁੰਦੇ।

ਜਿਹੜੇ ਬਜ਼ੁਰਗ ਜ਼ਿੰਦਗੀ ਵਿਚ ਕੋਈ ਨਾ ਕੋਈ ਸ਼ੌਕ ਜਾਂ ਸ਼ੌਕ ਕਾਇਮ ਰੱਖਦੇ ਹਨ, ਉਨ੍ਹਾਂ ਦੀ ਉਮਰ ਦੇ ਨਾਲ-ਨਾਲ ਸੰਘਰਸ਼ ਵੀ ਘੱਟ ਜਾਂਦੇ ਹਨ। ਮਾਨਸਿਕ ਅਵਸਥਾ ਦਾ ਸਰੀਰਕ ਯੋਗਤਾ 'ਤੇ ਬਹੁਤ ਪ੍ਰਭਾਵ ਪੈਂਦਾ ਹੈ। ਮੇਰੇ ਸ਼ਹਿਰ ਵਿੱਚ ਬਹੁਤ ਸਾਰੇ ਸਰਗਰਮ ਲੇਖਕ ਹਨ ਜੋ ਆਪਣੇ ਜੀਵਨ ਦੇ ਅੱਠਵੇਂ ਅਤੇ ਨੌਵੇਂ ਦਹਾਕੇ ਵਿੱਚ ਸਫਲਤਾਪੂਰਵਕ ਸਰਗਰਮ ਰਹੇ ਹਨ। ਉਹ ਰਚਨਾਕਾਰਾਂ ਅਤੇ ਸਾਥੀਆਂ ਵਿੱਚ ਨਵੀਂ ਊਰਜਾ ਪ੍ਰਾਪਤ ਕਰਦਾ ਰਿਹਾ, ਉਹ ਸੈਮੀਨਾਰਾਂ ਅਤੇ ਸਮਾਗਮਾਂ ਵਿੱਚ ਜਾਂਦਾ ਰਿਹਾ। ਫ਼ਿਰਾਕ ਹੈ ਗੋਰਖਪੁਰੀ ਦਾ ਸ਼ੇਰ - ਜ਼ਿੰਦਗੀ ਦੀ ਖ਼ਾਤਰ ਕੋਈ ਰੋਗ ਸੰਭਾਲ ਲਵੇ/ਜ਼ਿੰਦਗੀ ਸਿਰਫ਼ ਸਿਹਤ ਦੇ ਸਹਾਰੇ ਨਹੀਂ ਚੱਲਦੀ।

ਜੀਵਨ ਵਿੱਚ ਰਚਨਾਤਮਕ ਸ਼ੌਕ ਦੀ ਭੂਮਿਕਾ ਮਹੱਤਵਪੂਰਨ ਹੈ। ਉਹ ਤੁਹਾਨੂੰ ਨਾ ਸਿਰਫ਼ ਬੋਲੋੜੀਆਂ ਚਿੰਤਾਵਾਂ ਅਤੇ ਪਰੇਸ਼ਾਨੀਆਂ ਤੋਂ ਦੂਰ ਰੱਖਦੀ ਹੈ, ਸਗੋਂ ਤੁਹਾਨੂੰ ਬੁਢਾਪੇ ਵਿੱਚ ਸਮਾਂ ਬਿਤਾਉਣ ਦੀ ਪਰੇਸ਼ਾਨੀ ਤੋਂ ਵੀ ਮੁਕਤ ਰੱਖਦੀ ਹੈ। ਘਰ ਦੇ ਲੋਕਾਂ ਦਾ ਰਵੱਈਆ ਵੀ ਇਸ ਅਵਸਥਾ ਵਿੱਚ ਹਮਦਰਦੀ ਵਾਲਾ ਅਤੇ ਸਕਾਰਾਤਮਕ ਹੋਣਾ ਚਾਹੀਦਾ ਹੈ। ਬਦਕਿਸਮਤੀ ਨਾਲ, ਆਰਥਿਕ ਚੁਣੌਤੀਆਂ ਕਾਰਨ, ਸਾਡੇ ਪਰਿਵਾਰ ਅੱਜਕੱਲ੍ਹ ਸੰਯੁਕਤ ਤੋਂ ਪ੍ਰਮਾਣੂ ਪਰਿਵਾਰਾਂ ਵਿੱਚ ਬਦਲ ਰਹੇ ਹਨ।

ਦੇਸ਼ ਵਿੱਚ ਬਜ਼ੁਰਗਾਂ ਦੀ ਸੇਵਾ ਕਰਨ ਲਈ ਵਾਲੰਟੀਅਰਾਂ ਅਤੇ ਡਾਕਟਰੀ ਕਰਮਚਾਰੀਆਂ ਦੀ ਵੀ ਘਾਟ ਹੈ। ਅਜਿਹੀ ਸਥਿਤੀ ਵਿਚ ਇਕੱਲਤਾ ਨੂੰ ਕੱਟਣਾ ਇਕ ਸਮੱਸਿਆ ਬਣ ਜਾਂਦੀ ਹੈ। ਛੁਪਾਉਣ ਵਾਲੇ ਵਿਚਾਰ ਅਤੇ ਨਕਾਰਾਤਮਕਤਾ ਹਾਵੀ ਹੋਣ ਲੱਗਦੀ ਹੈ। ਜੇਕਰ ਕੁਝ ਸਮਾਂ ਸੰਵਾਦ ਅਤੇ ਆਪਣੇ ਕਿਸੇ ਸ਼ੌਕ ਨੂੰ ਦਿੱਤਾ ਜਾਵੇ ਤਾਂ ਇਸ ਰੋਗ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਪਰ ਇਸ ਦੇ ਲਈ ਇਕੱਲਤਾ ਛੱਡ ਕੇ ਸਮਾਜਿਕਤਾ ਦਾ ਘੇਰਾ ਵਧਾਉਣਾ ਪਵੇਗਾ। ਅੱਜ ਸੰਚਾਰ ਕ੍ਰਾਂਤੀ ਨੇ ਸੰਚਾਰ ਦੇ ਕਈ ਰਾਹ ਪ੍ਰਦਾਨ ਕੀਤੇ ਹਨ, ਇਹ ਅਜਿਹੇ ਇਕੱਲੇ ਬਜ਼ੁਰਗਾਂ ਲਈ ਵੀ ਉਮੀਦ ਦੀ ਕਿਰਨ ਹੈ, ਜਿੱਥੋਂ ਉਨ੍ਹਾਂ ਨੂੰ ਦੁਨੀਆ ਦੀ ਤਾਜ਼ੀ ਹਵਾ ਦੀ ਛੋਹ ਮਿਲੇਗੀ।

ਸਾਡੇ ਘਰ ਦੇ ਬਜ਼ੁਰਗ ਅਨੁਭਵ ਦਾ ਖਜ਼ਾਨਾ ਹਨ। ਵਿਚਾਰ ਅਤੇ ਪਰੰਪਰਾ. ਆਓ ਉਨ੍ਹਾਂ ਨੂੰ ਨਜ਼ਰਅੰਦਾਜ਼ ਨਾ ਕਰੀਏ, ਸਗੋਂ ਉਨ੍ਹਾਂ ਨੂੰ ਨਿਰਾਸ਼ਾ ਦੇ ਹਨੇਰੇ ਵਿੱਚੋਂ ਬਾਹਰ ਲਿਆਈਏ। ਉਨ੍ਹਾਂ ਦੇ ਤਜ਼ਰਬਿਆਂ ਦਾ ਲਾਭ ਉਠਾਓ, ਉਨ੍ਹਾਂ ਦੀ ਦੂਰਅੰਦੇਸ਼ੀ ਅਤੇ ਵਿਚਾਰਾਂ ਦੀ ਸ਼ਕਤੀ ਨਾਲ ਆਪਣੇ ਭਵਿੱਖ ਦੇ ਮਾਰਗ ਨੂੰ ਰੋਸ਼ਨ ਕਰੋ, ਕਿਉਂਕਿ ਉਨ੍ਹਾਂ ਕੋਲ ਜੋ ਸੰਘਰਸ਼ ਅਤੇ ਜੀਵਨ ਅਨੁਭਵ ਹੈ, ਉਹ ਅਮੋਲਕ ਹੈ, ਗੁਆਚਣ ਵਾਲਾ ਹੈ। ਇਸ ਨੂੰ ਸੰਭਾਲਣਾ ਸਾਡਾ ਫਰਜ਼ ਅਤੇ ਲੋੜ ਹੈ। ਆਖ਼ਰਕਾਰ, ਕੋਈ ਵੀ ਸਮਾਜ ਸ਼ੁਕਰਗੁਜ਼ਾਰੀ ਦੁਆਰਾ ਜਾਣਿਆ ਜਾਂਦਾ ਹੈ, ਨਾ ਕਿ ਅਸ਼ੁੱਧਤਾ ਜਾਂ ਪੇਸ਼ੇਵਰਤਾ ਦੁਆਰਾ।

-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ ਪੰਜਾਬ।

# ਫਰਜ਼ੀ ਵਿਆਹਾਂ ਤੇ ਨੌਸਰਬਾਜ਼ ਦੁਲਹਨਾਂ ਦਾ ਮੱਕੜਜਾਲ



ਸਾਡੇ ਸਮਾਜ ਵਿੱਚ ਠੱਗੀ ਕਰਨ ਦੇ ਢੰਗ - ਤਰੀਕੇ ਦਿਨ ਪ੍ਰਤੀ ਦਿਨ ਨਵੇਂ - ਨਿਵੇਕਲੇ ਸਾਹਮਣੇ ਆਉਂਦੇ ਹਨ। ਕਈ ਲੋਕ ਰਾਤੋ - ਰਾਤ ਅਮੀਰ ਹੋਣ ਦੀ ਲਾਲਸਾ ਵਿੱਚ ਆ ਕੇ ਗ਼ੈਰ - ਕਾਨੂੰਨੀ ਅਤੇ ਗ਼ੈਰ - ਸਮਾਜਿਕ ਕਾਰਿਆਂ ਨੂੰ ਅੰਜਾਮ ਪਹੁੰਚਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ ਅਤੇ ਦੂਸਰਿਆਂ ਦੀਆਂ ਭਾਵਨਾਵਾਂ ਨੂੰ ਵੀ ਠੇਸ ਪਹੁੰਚਾਉਂਦੇ ਹਨ। ਵਿਆਹ ਨੂੰ ਦੋ ਪਰਿਵਾਰਾਂ ਤੇ ਦੋ ਦਿਲਾਂ ਦੇ ਇੱਕ ਹੋ ਜਾਣ ਦੇ ਸਮਰਪਿਤ ਜਿਹੇ ਪਾਕਿ - ਪਵਿੱਤਰ ਰਿਸ਼ਤੇ ਵਜੋਂ ਦੇਖਿਆ ਜਾਂਦਾ ਰਿਹਾ ਹੈ , ਪਰ ਕਈ ਸ਼ਾਤਰ ਠੱਗ ਇਸ ਪਵਿੱਤਰ ਰਿਸ਼ਤੇ ਅਤੇ ਸ਼ੁਭ ਮੌਕੇ ਤੋਂ ਵੀ ਠੱਗੀ ਕਰਨ ਤੇ ਉਸ ਨੂੰ ਅੰਜਾਮ ਤੱਕ ਪਹੁੰਚਾਉਣ ਦੀ ਠਾਣ ਬੈਠਦੇ ਹਨ। ਇਸੇ ਦਾ ਇੱਕ ਰੂਪ ਹੈ : ਫ਼ਰਜ਼ੀ ਵਿਆਹ ਤੇ ਨੌਸਰਬਾਜ਼ ਦੁਲਹਨਾਂ ਦਾ ਮੱਕੜਜਾਲ। ਅਜਿਹੀਆਂ ਠੱਗ ਦੁਲਹਨਾਂ ਭੋਲੇ - ਭਾਲੇ ਤੇ ਤਕੜੇ ਘਰਾਂ ਦੇ ਲੋਕਾਂ ਨੂੰ ਆਪਣੇ ਠੱਗ ਗਿਰੋਹ ਦੇ ਜਾਲ ਵਿੱਚ ਫਸਾ ਲੈਂਦੀਆਂ ਹਨ। ਹੁੰਦਾ ਇਹ ਹੈ ਕਿ ਦੁਲਹਨ ਦੀ ਫੋਟੋਆਂ ਦਿਖਾ ਕੇ ਤੇ ਲੜਕੇ ਵਾਲਿਆਂ ਨੂੰ ਪੂਰਾ ਵਿਸ਼ਵਾਸ ਦੁਆ ਕੇ " ਝੱਟ ਮੰਗਣੀ ਪੱਟ ਵਿਆਹ " ਅਨੁਸਾਰ ਜਲਦੀ ਵਿਆਹ ਕਰਵਾ ਦਿੱਤਾ ਜਾਂਦਾ ਹੈ। ਠੱਗਾਂ ਵੱਲੋਂ ਲੜਕੇ ਵਾਲਿਆਂ ਤੋਂ ਵਿਆਹ ਤੋਂ ਪਹਿਲਾਂ ਵੱਖ - ਵੱਖ ਬਹਾਨੇ ਬਣਾ ਕੇ ਕਾਫ਼ੀ ਰਕਮ ਹੜੱਪ ਲਈ ਜਾਂਦੀ ਹੈ ਤੇ ਵਿਆਹ ਤੋਂ ਤੁਰੰਤ ਬਾਅਦ ਗਹਿਣਾ - ਗੱਠਾ ਤੇ ਪੈਸਾ ਲੈ ਕੇ ਦੁਲਹਨ ਆਪਣੇ ਗਰੋਹ ਸਮੇਤ ਭੱਜ ਜਾਂਦੀ ਹੈ ਤੇ ਠੱਗਾਂ ਦੇ ਫ਼ੋਨ ਬੰਦ ਆਉਣੇ ਸ਼ੁਰੂ ਹੋ ਜਾਂਦੇ ਹਨ। ਜਦੋਂ ਵਿਅਕਤੀ ਨੂੰ ਪਤਾ ਲੱਗਦਾ ਹੈ , ਉਦੋਂ ਕਾਫੀ ਦੇਰ ਹੋ ਗਈ ਹੁੰਦੀ ਹੈ। ਇਨ੍ਹਾਂ ਦਾ ਸ਼ਿਕਾਰ ਹੋਇਆ ਆਮ ਵਿਅਕਤੀ ਬਦਨਾਮੀ ਤੋਂ ਡਰਦੇ ਹੋਏ ਕਿਸੇ ਪਾਸੇ ਗੱਲ ਕਰਨ ਤੋਂ ਵੀ ਬਚਦਾ ਹੈ। ਇਸ ਲਈ ਆਮ ਜਨਤਾ ਨੂੰ ਚਾਹੀਦਾ ਹੈ ਕਿ ਵਿਆਹ ਜਿਹੇ ਪਵਿੱਤਰ ਰਿਸ਼ਤੇ ਨੂੰ ਅਪਣਾਉਣ ਸਮੇਂ ਭਰੋਸੇਯੋਗ ਵਿਅਕਤੀਆਂ ਨੂੰ ਵਿੱਚ ਲੈ ਕੇ ਹੀ ਅਜਿਹੇ ਰਿਸ਼ਤੇ ਅਤੇ ਅਜਿਹੇ ਪਵਿੱਤਰ ਬੰਧਨ ਕਾਇਮ ਕਰਨ ਨੂੰ ਤਰਜੀਹ ਦੇਣ ; ਨਾ ਕੇ ਅਣਜਾਣ ਵਿਅਕਤੀਆਂ , ਫੋਨਾਂ ਰਾਹੀਂ , ਸੋਸ਼ਲ ਮੀਡੀਆ ਜਾਂ ਹੋਰ ਅਵਿਸ਼ਵਾਸ਼ ਯੋਗ ਵਿਅਕਤੀਆਂ 'ਤੇ ਭਰੋਸਾ ਕਰਕੇ। ਤਦ ਹੀ ਅਸੀਂ ਤੇ ਸਾਡੇ ਸਮਾਜ ਦੇ ਭੋਲੇ - ਭਾਲੇ ਲੋਕ ਇਨ੍ਹਾਂ ਨੌਸਰਬਾਜ ਠੱਗ ਦੁਲਹਨਾਂ ਤੋਂ ਅਤੇ ਇਨ੍ਹਾਂ ਦੇ ਫਰਜ਼ੀ ਵਿਆਹ ਕਰਵਾਉਣ ਵਾਲੇ ਗਰੋਹਾਂ ਤੋਂ ਬਚ ਸਕਦੇ ਹਨ। ਜਿਸ ਵਿੱਚ ਕਿ ਕਈ ਤਰ੍ਹਾਂ ਦੇ ਇਨ੍ਹਾਂ ਦੇ ਸਾਥੀ ਜਾਂ ਏਜੰਟ ਵੀ ਸ਼ਾਮਲ ਹੋ ਸਕਦੇ ਹਨ। ਜ਼ਰੂਰਤ ਹੈ ਕਿ ਅਸੀਂ ਅੱਖਾਂ ਬੰਦ ਕਰਕੇ ਕਿਸੇ ਵੀ ਅਣਜਾਣ ਵਿਅਕਤੀ ਜਾਂ ਸੋਸ਼ਲ - ਮੀਡੀਆ 'ਤੇ ਪੂਰਨ ਵਿਸ਼ਵਾਸ ਨਾ ਕਰੀਏ ; ਸਗੋਂ ਹਰ ਗੱਲ ਦੀ ਸੱਚਾਈ ਦੀ ਤਹਿ ਤੱਕ ਪਹੁੰਚੀਏ ਤਾਂ ਜੋ ਅਸੀਂ ਜਾਂ ਸਾਡਾ ਕੋਈ ਵਾਕਫ਼ ਅਜਿਹੇ ਠੱਗ ਗਿਰੋਹਾਂ ਜਾਂ ਨੌਸਰਬਾਜ਼ ਦੁਲਹਨਾਂ ਦੇ ਮੱਕੜਜਾਲ ਤੋਂ ਬਚ ਸਕਣ ਅਤੇ ਸ਼ਾਂਤੀ ਨਾਲ ਜੀਵਨ ਜੀਅ ਸਕਣ ;ਕਿਉਂਕਿ ਅਜਿਹੀਆਂ ਠੱਗੀਆਂ ਸਾਡੀ ਬਦਨਾਮੀ ਤੇ ਸਾਡੀ ਬਰਬਾਦੀ ਦਾ ਕਾਰਨ ਬਣਦੀਆਂ ਹਨ। ਇਸ ਤੋਂ ਇਲਾਵਾ ਆਮ - ਜਨ ਨੂੰ ਵੀ ਚਾਹੀਦਾ ਹੈ ਕਿ ਸੋਸ਼ਲ ਮੀਡੀਆ 'ਤੇ ਅਣਜਾਣ ਵਿਅਕਤੀਆਂ ਜਾਂ ਇਸਤਰੀਆਂ ਆਦਿ ਨਾਲ ਰਾਬਤਾ ਰੱਖਣ ਤੋਂ ਗੁਰੇਜ਼ ਕਰਨ ਅਤੇ ਕਿਸੇ ਤਰ੍ਹਾਂ ਦੀ ਜ਼ਰੂਰਤ ਮਹਿਸੂਸ ਹੋਣ 'ਤੇ ਕਾਨੂੰਨੀ ਸਹਾਇਤਾ ਲੈ ਕੇ ਹਰ ਸਮੱਸਿਆ ਦਾ ਹੱਲ ਕਰਨ ਨੂੰ ਪਹਿਲ ਦੇਣ।

*-ਮਾਸਟਰ ਸੰਜੀਵ ਧਰਮਾਣੀ*
*ਸ੍ਰੀ ਅਨੰਦਪੁਰ ਸਾਹਿਬ*
*9478561356*

# 'ਮਾਏ ਨੀ ਮੈਂ ਔੜਾਂ ਜੰਮੀ ਸਦਾ ਹੀ ਰਹੀ ਪਿਆਸੀ'

ਗੁਰਨਾਮ ਸਿੰਘ ਅਕੀਦਾ

*ਆਪਣੇ ਅੱਬਾ ਜਾਇਆਂ ਨੂੰ ਲਾਹੌਰ ਵਿਚ ਲੱਭਦੀ-ਲੱਭਦੀ ਇਹ ਦਰਦ ਆਪਣੇ ਨਾਲ ਹੀ ਲੈ ਕੇ ਸਦਾ ਲਈ ਚਲੀ ਗਈ 'ਸੁਲਤਾਨਾ ਬੇਗ਼ਮ' ਮਿਰਜ਼ਾ ਸਦੀਕ ਬੇਗ਼ ਦੀ ਜਾਈ ਪੁੱਤਰੀ ਬਣੀ ਪੰਡਿਤ ਚਿਰੰਜੀ ਲਾਲ ਦੀ ਤੇ ਪਤਨੀ ਬਣੀ ਅਵਤਾਰ ਸਿੰਘ ਰਾਣਾ ਦੀ*



ਸੁਲਤਾਨਾ ਬੇਗ਼ਮ ਦੇ ਭੋਗ 'ਤੇ ਵਿਸ਼ੇਸ਼

'47 ਦੇ ਦਰਦ ਦੀ ਮਾਰੀ ਹੋਈ ਮਾਰਚ 2022 ਤੱਕ ਲਾਹੌਰ ਵਿਚ ਆਪਣੇ ਅੱਬਾ ਦੇ ਜਾਇਆ ਨੂੰ ਲੱਭਦੀ ਹੋਈ ਸੁਲਤਾਨਾ ਬੇਗ਼ਮ ਆਖ਼ਿਰ ਇਹ ਤਾਂਘ ਆਪਣੇ ਅੰਦਰ ਹੀ ਲੈ ਕੇ ਫ਼ੌਤ ਹੋ ਗਈ। ਸੁਲਤਾਨਾ ਬੇਗ਼ਮ ਮੁਸਲਮਾਨ ਅੱਬਾ ਮਿਰਜ਼ਾ ਸਦੀਕ ਬੈਗ ਉਰਫ਼ ਬਾਨਾ ਤੇ ਅੰਮੀ ਬਸ਼ੀਰਾ ਬੇਗ਼ਮ ਦੀ ਅੰਸ਼ ਸੀ ਪਰ ਹਾਲਤ ਅਜਿਹੇ ਬਣੇ ਕਿ ਉਸ ਦੇ ਸਾਰੇ ਪੜਾਈ ਦੇ ਸਰਟੀਫਿਕੇਟਾਂ ਤੋਂ ਲੈ ਕੇ ਹਰ ਇਕ ਕਾਗ਼ਜ਼ ਤੇ ਪਿਤਾ ਦਾ ਨਾਲ ਪੰਡਤ ਚਿਰੰਜੀ ਲਾਲ ਹੈ, ਉਸ ਦਾ ਵਿਆਹ ਇਕ ਸਿੱਖ ਪਰਿਵਾਰ ਵਿਚ ਸ. ਅਵਤਾਰ ਸਿੰਘ ਰਾਣਾ ਨਾਲ ਹੋਇਆ। ਉਹ ਆਪਣੀ ਇਕ ਕਵਿਤਾ ਵਿਚ ਲਿਖਦੀ ਹੈ 'ਮਾਏ ਨੀ ਮੈਂ ਔੜਾਂ ਜੰਮੀ ਸਦਾ ਹੀ ਰਹੀ ਪਿਆਸੀ'।

ਕਹਾਣੀ '47 ਤੋਂ ਸ਼ੁਰੂ ਕਰਦੇ ਹਾਂ ਉਸ ਦੇ ਅੱਬਾ ਪਟਿਆਲਾ ਦੇ ਚਰਨ ਦਾਸ ਦੇ ਮਾਲਵਾ ਸਿਨੇਮਾ ਵਿਚ ਕੰਮ ਕਰਦੇ ਸਨ, ਜਿਨ੍ਹਾਂ ਦਾ ਲਹੌਰ ਵਿਚ ਵੀ ਰਤਨ ਸਿਨੇਮਾ ਸੀ। ਵੰਡ ਹੋਈ ਤਾਂ ਅੱਬਾ ਸਦੀਕ ਬੇਗ਼ ਲਾਹੌਰ ਰਤਨ ਸਿਨੇਮਾ ਵਿਚ ਲੱਗ ਗਏ, ਬਾਅਦ ਵਿਚ ਬਹਾਦਰਗੜ੍ਹ ਲੱਗੇ ਕੈਂਪ ਦੌਰਾਨ ਆਪਣੇ ਸਹੁਰੇ ਨਾਲ ਬਸ਼ੀਰਾ ਬੇਗ਼ਮ ਵੀ ਲਹੌਰ ਚਲੀ ਗਈ, ਜਿੱਥੇ ਉਸ ਦਾ ਮਿਲਾਪ ਉਸ ਦੇ ਪਤੀ ਸਦੀਕ ਬੈਗ ਨਾਲ ਹੋ ਗਿਆ, ਸਦੀਕ ਬੈਗ ਨੇ ਅਨਾਰਕਲੀ ਵਿਚ ਕਿਰਾਏ ਦਾ ਮਕਾਨ ਲੈ ਕੇ ਬਸ਼ੀਰਾ ਬੇਗ਼ਮ ਨੂੰ ਉੱਥੇ ਰਹਿਣ ਦਿੱਤੇ ਤੇ ਉਹ ਉਹ ਕਈ ਕਈ ਦਿਨ ਨਹੀਂ ਆਉਂਦਾ ਸੀ ਜਿਸ ਬਾਰੇ ਉਹ ਕਹਿੰਦਾ ਕਿ ਉਸ ਨੂੰ ਫ਼ਲਿਮਾਂ ਲੈਣ ਲਈ ਅੰਬਾਲਾ ਜਾਣਾ ਪੈਂਦਾ ਹੈ, ਪਰ ਜਦੋਂ ਗੱਲ ਖੁੱਲ੍ਹੀ ਤਾਂ ਪਤਾ ਲੱਗਾ ਕਿ ਉਸ ਨੇ ਇਕ ਹੋਰ ਵਿਆਹ ਕਰਵਾ ਲਿਆ ਸੀ ਉਹ ਉੱਥੇ ਰਹਿਣ ਜਾਂਦੇ ਸਨ। ਇਕ ਦਿਨ ਮਿਰਜ਼ਾ ਦੇ ਪਰਿਵਾਰ ਵਿਚ ਫ਼ੈਸਲਾ ਹੋਇਆ ਕਿ ਦੋ ਔਰਤਾਂ ਨੂੰ ਰੱਖਣਾ ਮੁਸ਼ਕਿਲ ਹੈ, ਇਕ ਔਰਤ ਸਦੀਕ ਬੈਗ ਦੇ ਭਰਾ ਨਾਲ ਰਹਿਣ ਲੱਗ ਜਾਵੇ, ਤਾਂ ਬਸ਼ੀਰਾ ਬੇਗ਼ਮ ਨੇ ਇਹ ਪ੍ਰਵਾਨ ਨਾ ਕਰਕੇ ਜਵਾਬ ਦੇ ਦਿੱਤਾ, ਹੁਣ ਬਸ਼ੀਰਾ ਪਟਿਆਲਾ ਆਉਣਾ ਚਾਹੁੰਦੀ ਸੀ, ਕਾਫ਼ੀ ਖੋਜ ਤੋਂ ਬਾਅਦ ਉਨ੍ਹਾਂ ਦਾ ਸੰਪਰਕ ਇਕ ਐਸਐਸਪੀ ਅਨੂਪ ਸਿੰਘ ਨਾਲ ਹੋਇਆ, ਜਿਸ ਦਾ ਸਾਲਾ ਰਾਜਿੰਦਰ ਸਿੰਘ ਸਫ਼ੀਰ ਸੀ, ਸੁਲਤਾਨਾ ਬੇਗ਼ਮ ਜਦੋਂ ਬਸ਼ੀਰਾ ਬੇਗ਼ਮ ਦੇ ਪੇਟ ਵਿਚ ਸੀ ਤਾਂ ਉਸ ਵੇਲੇ ਰਾਜਿੰਦਰ ਸਿੰਘ ਨੇ ਭਾਰਤੀ ਪੰਜਾਬ ਵਿਚ ਬਸ਼ੀਰਾ ਬੇਗ਼ਮ ਨੂੰ ਇਹ ਝੂਠ ਕਹਿ ਕੇ ਨਾਲ ਪਟਿਆਲਾ ਲਿਆਂਦਾ ਕਿ ਉਹ ਉਨ੍ਹਾਂ ਦੇ ਬੱਚਿਆਂ ਦੀ 'ਆਇਆ' ਹੈ। ਜਦੋਂ ਬਸ਼ੀਰਾ ਬੇਗ਼ਮ ਪਟਿਆਲਾ ਦੇ ਰਾਘੋਮਾਜਰਾ ਵਿਚ ਰਹਿੰਦੇ ਉਸ ਦੇ ਭਰਾ ਰਮਜ਼ਾਨ ਕੋਲ ਆਈ ਤਾਂ ਉਹ ਹੱਕਾ ਬੱਕਾ ਰਹਿ ਗਿਆ, ਉਹ ਪਟਿਆਲਾ ਵਿਚ ਪਤਨੀ ਸਮੇਤ ਆਪਣਾ ਨਾਮ ਬਦਲ ਕੇ ਓਮ ਪ੍ਰਕਾਸ਼ ਦੇ ਨਾਮ ਨਾਲ ਰਹਿ ਰਿਹਾ ਸੀ, ਉਸ ਬਸ਼ੀਰਾ ਬੇਗ਼ਮ ਨੂੰ ਆਪਣੇ ਨਾਲ ਰੱਖਣ ਤੋਂ ਇਨਕਾਰ ਗਿਆ। ਨਾ ਪਾਕਿਸਤਾਨ ਦੀ ਨਾ ਭਾਰਤ ਦੀ ਰਹਿ ਗਈ ਸੀ ਬਸ਼ੀਰਾ ਬੇਗ਼ਮ ਤਾਂ ਉਹ ਉੱਥੋਂ ਦੁਖੀ ਹੋਕੇ ਬਸ਼ੀਰਾ ਬੇਗ਼ਮ ਪੁਰਾਣੇ ਜਾਣਕਾਰ ਬਜ਼ੁਰਗ ਪੰਡਤ ਚਿਰੰਜੀ ਲਾਲ ਦੇ ਘਰ ਆ ਗਈ, ਸਾਰੀ ਕਹਾਣੀ ਸੁਣ ਕੇ ਪੰਡਤ ਚਿਰੰਜੀ ਲਾਲ ਨੇ ਉਸ ਨੂੰ ਰਹਿਣ ਦਾ ਸਹਾਰਾ ਦਿੱਤਾ, ਜਦੋਂ ਸੁਲਤਾਨਾ ਬੇਗ਼ਮ ਦਾ ਜਨਮ ਹੋਇਆ ਤਾਂ ਉਸ ਨੂੰ ਪੰਡਤ ਚਿਰੰਜੀ ਲਾਲ ਨੇ ਆਪਣਾ ਨਾਮ ਬਾਪ ਦੇ ਤੌਰ ਤੇ ਦਿੱਤਾ ਤੇ ਉਸ ਕੋਲ ਹੀ ਸੁਲਤਾਨਾ ਬੇਗ਼ਮ ਪਲਦੀ ਰਹੀ। ਬਸ਼ੀਰਾ ਬੇਗ਼ਮ ਨੇ ਬਤੌਰ ਨਰਸ ਲੇਡੀ ਡਫਰਿਨ ਹਸਪਤਾਲ (ਮਾਤਾ ਕੁਸ਼ੱਲਿਆ ਹਸਪਤਾਲ) ਵਿਚ ਨੌਕਰੀ ਕਰਨੀ ਸ਼ੁਰੂ ਕਰ ਦਿੱਤੀ। ਉੱਧਰ ਸੁਲਤਾਨਾ ਬੇਗ਼ਮ ਵੀ ਵੱਡੀ ਹੋ ਗਈ ਉਸ ਨੇ ਵੁਮੈਨ ਕਾਲਜ ਪਟਿਆਲਾ ਤੋਂ ਬੀਏ ਕਰਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮਏ ਵਿਚ ਟਾਪ ਕੀਤਾ ਤੇ ਥੀਏਟਰ ਵੀ ਕੀਤਾ। ਉਸ ਤੋਂ ਬਾਅਦ ਉਨ੍ਹਾਂ ਨੇ ਪਾਕਿਸਤਾਨੀ ਪੰਜਾਬੀ ਨਾਵਲ ਤੇ ਪੀ ਐੱਚ ਡੀ ਵੀ ਕੀਤੀ, ਜਿਸ ਦਾ ਕਾਰਨ ਉਹ ਆਪਣੀ ਸਾਂਝ ਪਾਕਿਸਤਾਨ ਨਾਲ ਪੱਕੀ ਕਰਨ ਦਾ ਦੱਸਦੇ ਰਹੇ ਹਨ। 1990 ਵਿਚ ਅੰਮੀ ਬਸ਼ੀਰਾ ਬੇਗ਼ਮ ਫ਼ੌਤ ਹੋ ਗਈ, ਸੁਲਤਾਨਾ ਬੇਗ਼ਮ ਮੋਹਾਲੀ ਨੌਕਰੀ ਕਰਨ ਲੱਗ ਪਈ ਉੱਥੇ ਹੀ ਪੰਡਤ ਚਿਰੰਜੀ ਲਾਲ ਨੂੰ ਵੀ ਨਾਲ ਹੀ ਰਹਿੰਦਾ ਸੀ, ਉਹ 105 ਸਾਲ ਦੇ ਹੋਕੇ ਸਵਰਗਵਾਸ ਹੋ ਗਏ। 1975 ਵਿਚ ਸੁਲਤਾਨਾ ਬੇਗ਼ਮ ਦਾ ਵਿਆਹ ਸਿੱਖ ਪਰਿਵਾਰ ਦੇ ਭੰਗੜਾ ਕਲਾਕਾਰ ਅਵਤਾਰ ਸਿੰਘ ਰਾਣਾ ਨਾਲ ਹੋ ਗਿਆ, ਅਵਤਾਰ ਸਿੰਘ ਰਾਣਾ ਦੀਆਂ ਤਿੰਨ ਭੈਣਾਂ ਹੋਣ ਕਰਕੇ ਸੁਲਤਾਨਾ ਨੂੰ ਸਿੱਖ ਪਰਿਵਾਰ ਨੇ ਨਾ ਸਵੀਕਾਰ ਕੀਤਾ ਤਾਂ ਸੁਲਤਾਨਾ ਤੇ ਅਵਤਾਰ ਸਿੰਘ ਚੰਡੀਗੜ੍ਹ ਵਿਚ ਰਹਿਣ ਲੱਗ ਪਏ, ਉਸ ਦਾ ਸਹੁਰਾ ਪ੍ਰੇਮ ਸਿੰਘ ਐਸਐਸ ਬੋਰਡ ਵਿਚ ਸਕੱਤਰ ਸਨ, ਸੁਲਤਾਨਾ ਬੇਗ਼ਮ ਦੀ ਤਾਰੀਫ਼ ਸੁਣ ਕੇ ਉਹ ਸੁਲਤਾਨਾ ਬੇਗ਼ਮ ਨੂੰ ਦੋ ਸਾਲਾਂ ਬਾਦ ਆਪਣੇ ਘਰ ਲੈ ਗਏ। ਸੁਲਤਾਨਾ ਬੇਗ਼ਮ ਨੇ ਆਪਣੀਆਂ ਤਿੰਨੇ ਨਣਦਾਂ ਦੇ ਵਿਆਹ ਖ਼ੁਦ ਮੁੰਡੇ ਲੱਭ ਕੇ ਕੀਤੇ। 2007 ਵਿਚ ਸੁਲਤਾਨਾ ਬੇਗ਼ਮ ਸਿੱਖਿਆ ਵਿਭਾਗ ਵਿਚੋਂ ਬਤੌਰ ਡਿਪਟੀ ਡਾਇਰੈਕਟਰ ਸੇਵਾ ਮੁਕਤ ਹੋਈ। ਸੁਲਤਾਨਾ ਬੇਗ਼ਮ ਦੀ ਜੀਵਨੀ 'ਕਤਰਾ ਕਤਰਾ ਜ਼ਿੰਦਗੀ' ਉਰਦੂ ਵਿਚ ਵੀ ਅਨੁਵਾਦ ਹੋਈ ਹੈ, ਉਸ ਨੇ ਆਪਣੀ ਮਾਂ ਬਸ਼ੀਰਾ ਬੇਗ਼ਮ ਦੇ ਦਰਦ ਨੂੰ ਬਿਆਨਦੀ ਕਿਤਾਬ 'ਲਾਹੌਰ ਕਿੰਨੀ ਦੂਰ' ਲਿਖੀ, ਇਸ ਤੋਂ ਇਲਾਵਾ ਉਸ ਦੇ 5 ਕਾਵਿ ਸੰਗ੍ਰਹਿਾਂ ਵਿਚ ਗੁਲਜ਼ਾਰਾਂ, ਰੁਸਵਾਈਆਂ, ਨਮਕਤਾਰੇ, ਬਹਾਰਾਂ ਤੇ ਸ਼ਗੂਫ਼ੇ ਹਨ।

ਸੁਲਤਾਨਾ ਦੇ ਅੰਦਰ ਇਕ ਦਰਦ ਉਸ ਨੂੰ ਪ੍ਰੇਸ਼ਾਨ ਕਰਦਾ ਰਿਹਾ, ਮਾਂ ਕਿਹਾ ਕਰਦੀ ਸੀ ਕਿ ਉਸ ਦੇ ਛੇ ਭਰਾ ਹਨ, ਉਸ ਦੇ ਚਾਚੇ ਗੁਲਜ਼ਾਰੀ ਤੇ ਸਰਦਾਰੀ ਨਾਮ ਦੇ ਹਨ, ਉਨ੍ਹਾਂ ਨੂੰ ਖੋਜਣ ਲਈ ਉਹ 1992 ਵਿਚ ਲਾਹੌਰ ਗਈ। ਜਿੱਥੇ ਉਹ ਅਨਾਰਕਲੀ ਬਜ਼ਾਰ ਵਿਚ ਤੇ ਰਤਨ ਸਿਨੇਮਾ ਵਿਚ ਆਪਣੇ ਅੱਬਾ ਜਾਇਆਂ ਨੂੰ ਲੱਭਦੀ ਰਹੀ ਪਰ ਉਹ ਨਾ ਮਿਲੇ। ਉਹ ਮੁੜ 2019 ਵਿਚ ਵਰਲਡ ਪੰਜਾਬੀ ਕਾਨਫ਼ਰੰਸ ਵਿਚ ਗਈ, ਉਸ ਨੇ ਆਪਣੇ ਅੱਬਾ ਦੇ ਜਾਇਆ ਨੂੰ ਬਹੁਤ ਲੱਭਿਆ ਪਰ ਉਹ ਨਾ ਮਿਲੇ, ਮਾਰਚ 2022 ਵਿਚ ਮੁੜ ਉਹ ਲਾਹੌਰ ਗਈ, ਪਰ ਉਸ ਦੀ ਭਾਲ ਪੂਰੀ ਨਾ ਹੋਈ ਤੇ ਆਖ਼ਿਰ 28 ਮਈ 2022 ਨੂੰ ਸੁਲਤਾਨਾ ਬੇਗ਼ਮ ਆਪਣੇ ਪਿੱਛੇ ਆਪਣਾ ਪਤੀ, ਪੁੱਤਰ ਕੰਵਰਇੰਦਰ ਸਿੰਘ, ਧੀਆਂ ਸਾਰੂ ਰਾਣਾ ਤੇ ਸ਼ਮਸ਼ਹੀਰ ਤੇ ਦੋ ਪੋਤਿਆਂ ਨੂੰ ਛੱਡ ਕੇ ਦੁਨੀਆ ਨੂੰ ਅਲਵਿਦਾ ਕਹਿ ਗਏ ਹਨ।

# ਵਾਤਾਵਰਨ ਵਿਗਾੜ ਲਈ ਕੌਣ ਜ਼ਿੰਮੇਵਾਰ ?



ਵਿਸ਼ਵ ਪੱਧਰ ਤੇ ਵਾਤਾਵਰਨ 'ਚ ਜਿਵੇਂ-ਜਿਵੇਂ ਵਿਗਾੜ ਆ ਰਿਹਾ ਤਾਂ ਇਸ ਦਿਨ ਦੀ ਮਹੱਤਤਾ ਹੋਰ ਵੀ ਜਿਆਦਾ ਹੋ ਜਾਂਦੀ ਹੈ।

ਸੱਚੀਂ ! ਇਹ ਦਿਵਸ ਮਨਾਉਣ ਦੀ ਬਹੁਤ ਜ਼ਿਆਦਾ ਲੋੜ ਹੈ। ਕਿਵੇਂ ਮਨਾਈਏ ? ਕੀ ਇੱਕ ਦਿਨ ਵਾਤਾਵਰਨ ਦਾ ਫ਼ਿਕਰ ਕਰਕੇ ਅਸੀਂ ਆਪਣੇ ਫ਼ਰਜ਼ਾਂ ਤੋਂ ਸੁਰਖ਼ਰੂ ਹੋ ਜਾਵਾਂਗੇ ? ਕੀ ਸਿਰਫ਼ ਰੁੱਖ ਲਗਾਕੇ ਹੀ ਵਾਤਾਵਰਨ ਬਚਾ ਸਕਦੇ ਹਾਂ ?

ਸਾਡੇ ਸਮਾਜ ਵਿੱਚ ਅਸੀਂ ਜ਼ਿਆਦਾਤਰ ਦਿਹਾੜੇ ਸੋਸਲ ਮੀਡੀਆ ਤੇ ਹੀ ਮਨਾਉਂਦੇ ਹਾਂ। ਖ਼ਾਸ ਤੌਰ ਤੇ ਜਦੋਂ ਗਰਮੀ ਵਧਦੀ ਹੈ ਤਾਂ ਸਾਡੇ ਸੋਸਲ ਮੀਡੀਆ ਤੇ ਵਾਤਾਵਰਨ ਬਚਾਉਣ ਦਾ ਬਹੁਤ ਰੌਲ਼ਾ ਵੀ ਵੱਧਦਾ, ਵੱਧਣਾ ਚਾਹੀਦਾ ਵੀ ਹੈ। ਸੋਸਲ ਮੀਡੀਆ ਤੇ ਵਾਤਾਵਰਨ ਪ੍ਰੇਮੀਆਂ ਦਾ ਫ਼ਕਿਰ ਦੇਖਕੇ ਸੱਚੀਂ ਲੱਗਦਾ ਹੁੰਦਾ ਕਿ ਇਸ ਵਾਰ ਪੰਜਾਬ ਪੂਰੇ ਵਿਸ਼ਵ ਪੱਖੋਂ ਰੁੱਖ ਲਗਾਉਣ ਦੀ ਗਿਣਤੀ ਵਿੱਚ ਸਭ ਤੋਂ ਅੱਗੇ ਹੋਵੇਗਾ ਪਰ ਸੋਸਲ ਮੀਡੀਆ ਤੋਂ ਇੱਕ ਪਾਸੇ ਹੋਕੇ ਜਦ ਅਸੀਂ ਜ਼ਮੀਨੀ ਪੱਧਰ ਤੇ ਦੇਖਦੇ ਹਾਂ ਤਾਂ ਇਹੀ ਵਾਤਾਵਰਨ ਪ੍ਰੇਮੀਆਂ ਦੇ ਆਲੇ-ਦੁਆਲੇ ਤਾਂ ਕੀ ਆਪੋ-ਆਪਣੇ ਘਰਾਂ ਵਿੱਚ ਵੀ ਕੋਈ ਰੁੱਖ ਨਹੀਂ ਹੁੰਦਾ।

ਚਲੋ ਹੁਣ ਸਮੇਂ- ਸਮੇਂ ਆਈਆਂ ਸਰਕਾਰਾਂ ਦੀ ਗੱਲ ਕਰੀਏ ਜਿੰਨ੍ਹਾਂ ਨੇ ਵਾਤਾਵਰਨ ਦਿਵਸ ਜਾਂ ਵੈਸੇ ਹੀ ਆਪੋ-ਆਪਣੀਆਂ ਪ੍ਰਾਪਤੀਆਂ ਦੀ ਇਸ਼ਤਿਹਾਰਬਾਜ਼ੀ 'ਤੇ ਪਤਾ ਹੀ ਨੀ ਕਿੰਨੇ ਹੀ ਜੰਗਲ ਬਰਬਾਦ ਕਰ ਦਿੱਤੇ ਨੇ ਜਾਂ ਹਜੇ ਹੋਰ ਕੀਤੇ ਜਾ ਰਹੇ ਹਨ। ਸਰਕਾਰਾਂ ਨੇ ਤਾਂ ਵਿਕਾਸ ਦੇ ਨਾਂ ਤੇ ਵੱਡੇ-ਵੱਡੇ ਰੋਡ ਬਣਾਕੇ ਦਰੱਖਤ ਕੱਟ-ਕੱਟ ਜੋ ਵਾਤਾਵਰਨ ਦਾ ਸੱਤਿਆਨਾਸ ਕੀਤਾ ਹੈ,ਉਹ ਵੀ ਤਾਂ ਕਿਸੇ ਤੋਂ ਲੁਕਿਆ ਨਹੀਂ ਸਭ ਕੁਝ ਸਾਹਮਣੇ ਹੀ ਤਾਂ ਹੋ ਰਿਹਾ।

ਇਸ ਤੋਂ ਅਗਲੀ ਗੱਲ ਉਦਯੋਗਪਤੀਆਂ ਦੀ ਕਰਨੀ ਬਣਦੀ ਹੈ। ਵੈਸੇ ਕਰਨੀ ਤਾਂ ਸਭ ਤੋਂ ਪਹਿਲਾਂ ਚਾਹੀਦੀ ਸੀ। ਵਿਕਾਸ ਤੇ ਰੁਜ਼ਗਾਰ ਦੇ ਮੌਕੇ ਦੇਣ ਬਹਾਨੇ ਪੰਜਾਬੀਆਂ ਦੇ ਚੁੱਲ੍ਹਿਆਂ ਦੀ ਅੱਗ ਖੋਹਣ ਤੋਂ ਲੈਕੇ ਚਿਮਨੀਆਂ ਰਾਹੀਂ ਵੰਡੀਆਂ ਜਾ ਰਹੀਆਂ ਬਿਮਾਰੀਆਂ ਸਭ ਕੁੱਝ ਵਾਤਾਵਰਨ ਦੀ ਬਰਬਾਦੀ ਵੱਲ ਹੀ ਤਾਂ ਲਿਜਾ ਰਿਹਾ ਹੈ।

ਵਾਤਾਵਰਨ ਨੂੰ ਤਬਾਹੀ ਵੱਲ ਲਿਜਾਣ ਵਿੱਚ ਕੌਣ ਕਿੰਨਾ ਜੁੰਮੇਵਾਰ ਹੈ ਇਹ ਸਭ ਤੁਸੀਂ ਇੰਟਰਨੈੱਟ ਤੇ ਸਰਚ ਕ ਰ ਕੇ ਵੱਖੋ-ਵੱਖ ਸਰਕਾਰੀ ਸਰੋਤਾਂ ਤੋਂ ਅਸਲ ਸੱਚ ਜਾਣ ਸਕਦੇ ਹੋ।



ਸਭ ਤੋਂ ਵੱਧ ਸਨਅਤ ਦੇ ਕਾਰਨ 51%, ਦੂਜੇ ਨੰਬਰ 'ਤੇ ਵਾਹਨਾਂ 'ਚੋਂ ਨਿਕਲ ਰਹੇ ਧੂੰਏਂ ਕਾਰਨ 25%, ਤੀਜੇ ਨੰਬਰ ਤੇ ਘਰੇਲੂ ਉਪਯੋਗ ਕਾਰਨ 11% , ਚੌਥੇ ਨੰਬਰ ਤੇ ਖੇਤੀਬਾੜੀ ਤੋਂ 8% ਤੇ ਅਖੀਰ ਤੇ ਹੋਰ ਕਾਰਨ 4% ਹੀ ਰਹਿ ਜਾਂਦੇ ਹਨ।

ਵਾਤਾਵਰਨ ਨੂੰ ਤਬਾਹ ਕਰਨ ਵਿੱਚ ਧਰਤੀ ਤੇ ਵਸਦਾ ਤਕਰੀਬਨ ਹਰ ਇਨਸਾਨ ਹੀ ਜੁੰਮੇਵਾਰ ਹੈ, ਕੌਣ ਕਿੰਨ੍ਹਾਂ ਜੁੰਮੇਵਾਰ ਹੈ ਇਹ ਬਿਨਾ ਜਾਣੇ ਅਸੀਂ ਸਾਰੇ ਆਪਣੇ- ਆਪ ਨੂੰ ਇੱਕ ਪਾਸੇ ਕਰਕੇ ਦੂਜਿਆਂ ਨੂੰ ਜ਼ੁੰਮੇਵਾਰ ਠਹਿਰਾਕੇ ਖ਼ੁਦ ਸਿਆਣੇ, ਸਮਝਦਾਰ, ਵਾਤਾਵਰਨ ਦੇ ਰਾਖੇ ਹੋਣ ਦਾ ਭਰਮ ਪਾਲ ਕੇ ਬੈਠੇ ਹਾਂ।

ਅੰਕੜਿਆਂ ਨੂੰ ਸਮਝੀਏ ਪੰਜਾਬ ਵਿੱਚ ਜੰਗਲਾਤ ਹੇਠਲਾ ਇਲਾਕਾ ਸਾਲ 2019 ਦੇ ਮੁਕਾਬਲੇ ਸਾਲ 2021 ਵਿਚ 2 ਵਰਗ ਕਿੱਲੋਂ-ਮੀਟਰ ਘਟ ਗਿਆ ਹੈ। ਅੰਕੜਿਆਂ ਮੁਤਾਬਿਕ ਪੰਜਾਬ ਵਿਚ ਜੰਗਲਾਤ ਹੇਠਲਾ ਇਲਾਕਾ 2021 ਵਿੱਚ 1,847 ਵਰਗ ਕਿੱਲੋਮੀਟਰ ਰਹਿ ਗਿਆ ਹੈ ਜਦਕਿ ਸਾਲ 2019 ਵਿਚ ਇਹ ਅੰਕੜਾ 1849 ਵਰਗ ਕਿੱਲੋ ਮੀਟਰ ਸੀ। ਜਦ ਕਿ ਪੰਜਾਬ ਦਾ ਕੁੱਲ ਇਲਾਕਾ 50,362 ਵਰਗ ਕਿਲੋ-ਮੀਟਰ ਹੈ।

ਵਾਤਾਵਰਨ ਸੰਬੰਧਿਤ ਫ਼ਕਿਰ, ਵਿਚਾਰ-ਚਰਚਾ ਜਿੰਨ੍ਹੀ ਹੋਵੇ ਘੱਟ ਹੀ ਘੱਟ ਹੈ, ਰੁੱਖ ਲਗਾਉਣ ਦੀਆਂ ਅਪੀਲਾਂ ਜਿੰਨ੍ਹੀਆਂ ਵੀ ਹੋਣ ਘੱਟ ਹੀ ਘੱਟ ਹਨ।

ਇੱਕ ਗੱਲ ਤਾਂ ਹੈ ਏ.ਸੀ ਕਮਰਿਆਂ 'ਚ ਬਹਿਕੇ ਰੁੱਖ ਨੀ ਲਗਾਏ ਜਾ ਸਕਦੇ। ਸਰਕਾਰ ਕੁੱਝ ਕਰੇ ਜਾਂ ਨਾ ਕਰੇ ਆਪਾਂ ਨੂੰ ਆਪ ਘਰਾਂ ਚੋਂ ਬਾਹਰ ਨਿਕਲਣਾ ਪੈਣਾ। ਸਰਕਾਰ ਨੇ ਕੀ ਕਰਨਾ ਆਪਾਂ ਉਹਦੇ ਬਾਰੇ ਗੱਲ ਕਰੀਏ,ਉਸ ਤੋਂ ਪਹਿਲਾਂ ਆਪਾਂ ਨਿੱਜੀ ਤੌਰ ਤੇ ਖ਼ੁਦ ਕੀ ਕਰੀਏ ?

ਵਾਅਦਾ ਕਰੋ ਕਿ ਤੁਸੀਂ ਸਭ ਆਪੋ-ਆਪਣੇ ਜਨਮ ਦਿਨ 'ਤੇ ਰੁੱਖ ਲਗਾਉਣ ਅਤੇ ਤੋਹਫ਼ੇ ਦੇਣ ਦੇ ਰੂਪ 'ਚ ਵੀ ਇਹ ਕੋਸ਼ਸ਼ ਜ਼ਰੂਰ ਕਰੋਂਗੇ ?

ਇਹ ਆਦਤ ਆਪਣੇ ਆਲੇ-ਦੁਆਲੇ ਤੇ ਆਪਣੇ ਬੱਚਿਆਂ ਦੀ ਜ਼ਰੂਰ ਬਣਾਓ। ਬੇਸ਼ੱਕ ਰੁੱਖ ਲਗਾਉਣ ਲਈ ਤੁਸੀਂ ਮੌਸਮ ਮੁਤਾ-ਬਕ ਕਦੋਂ ਵੀ ਆਪਣਾ ਫ਼ਰਜ਼ ਨਿਭਾ ਸਕਦੇ ਹੋ। ਇੱਥੇ ਜਨਮ ਦਿਨ ਵਿਸ਼ੇਸ਼ ਦਾ ਮਤਲਬ ਤੁਸੀਂ ਜਾਂ ਤੁਹਾਡੇ ਬੱਚੇ ਭਵਿੱਖ 'ਚ ਇਸ ਉੱਦਮ 'ਤੇ ਮਾਣ ਮਹਿਸੂਸ ਕਰ ਸਕੋ।

ਮਨੋਵਿਗਿਆਨਕ ਤੌਰ 'ਤੇ ਤੁਸੀਂ ਮਨ ਤੋਂ ਉਸ ਪੌਦੇ ਨਾਲ ਜੁੜੋਗੇ, ਰੁੱਖ ਬਣਨ ਤੱਕ ਬੱਚੇ ਵਾਂਗ ਪਾਲੋਗੇ ਤੇ ਬੁਢਾਪੇ 'ਚ ਉਸ ਤੋਂ ਸੇਵਾ ਦੀ ਉਮੀਦ ਰੱਖ ਸਕਦੇ ਹੋ। ਇੱਥੇ ਇੱਕ ਹੋਰ ਸਭ ਤੋਂ ਜ਼ਰੂਰੀ ਗੱਲ ਜੋ ਕਿ ਸਾਡੇ ਸਾਰਿਆਂ ਲਈ ਹੀ ਜ਼ਰੂਰੀ ਹੈ ਕਿ ਇੱਕਲੇ ਰੁੱਖ ਲਗਾਕੇ ਹੀ ਵਾਤਾਵਰਨ ਨਹੀਂ ਬਚਾਇਆ ਜਾ ਸਕਦਾ। ਜੇ ਕਿਤੇ ਸੌ ਰੁੱਖ ਲਗਾਏ ਜਾਂਦੇ ਹਨ ਤਾਂ ਉਹਨਾਂ ਚੋਂ ਬਚਕੇ ਅੱਗੇ ਚੱਲਦੇ ਕਿੰਨੇ ਹਨ ? ਇੱਥੇ ਇਹ ਸਭ ਤੋਂ ਵੱਡੀ ਲੋੜ ਹੈ, ਜਿੰਨ੍ਹੇ ਵੀ ਰੁੱਖ ਲਗਾਈਏ, ਉਹਨਾਂ ਨੂੰ ਆਪਣੇ ਬੱਚਿਆਂ ਵਾਂਗ ਸੰਭਾਲੀਏ, ਉਹਨਾਂ ਤੋਂ ਤੇ ਉਹਨਾਂ ਦੇ ਨਾਲ਼ ਜਿਊਣਾ ਸਿੱਖੀਏ।

ਮੌਜੂਦਾ ਸਰਕਾਰ ਪੰਚਾਇਤੀ ਜ਼ਮੀਨਾਂ ਤੋਂ ਨਜਾਇਜ਼ ਕਬਜ਼ੇ ਛੁਡਵਾਉਣ ਦਾ ਜੋ ਕੰਮ ਕਰ ਰਹੀ ਹੈ, ਉਹ ਕਾਬਿਲ ਏ ਤਾਰੀਫ਼ ਹੈ। ਹੁਣ ਸਰਕਾਰ ਇੱਥੇ ਕੋਸ੍ਸ਼ ਕਰੇ ਪੰਚਾਇਤੀ ਜ਼ਮੀਨਾਂ ਵਿੱਚ ਨਿੱਕੇ-ਨਿੱਕੇ ਰਵਾਇਤੀ ਰੁੱਖਾਂ ਨਾਲ਼ ਸੰਬੰਧਿਤ ਜੰਗਲ ਜ਼ਰੂਰ ਲਗਵਾਏ। ਹੋਰ ਉਦਯੋਗਪਤੀਆਂ ਲਈ ਸਰਕਾਰ ਕਾਨੂੰਨੀ ਤੌਰ ਤੇ ਜ਼ਰੂਰੀ ਕਰੇ ਕਿ ਉਹ ਪਹਿਲਾਂ ਆਪਣੇ ਉਦਯੋਗ ਵਾਲ਼ੇ ਥਾਂ ਦੇ ਦੁਆਲ਼ੇ ਜਾਂ ਕਿਤੇ ਨੇੜੇ ਇੱਕ ਨਿੱਕਾ ਜੰਗਲ ਜ਼ਰੂਰ ਲਗਾਉਣ, ਅਗਲੀ ਗੱਲ ਕਿਸੇ ਵੀ ਕੋਲ਼ ਵਾਹਨਾਂ ਦੀ ਗਿਣਤੀ ਜਿੰਨ੍ਹੀ ਹੈ ਉਹ ਆਪਣੇ ਵਾਹਨਾਂ ਦੀ ਗਿਣਤੀ ਬਰਾਬਰ ਆਪਣੇ ਹਿੱਸੇ ਦੇ ਰੁੱਖ ਜ਼ਰੂਰ ਲਗਾਉਣ, ਕਿਸਾਨ ਆਪਣੀ ਜ਼ਮੀਨ ਮੁਤਾਬਕ ਆਲ਼ੇ ਦੁਆਲ਼ੇ ਰੁੱਖ ਲਗਾਉਣ, ਇਹ ਸਭ ਸਾਰਿਆਂ ਲਈ ਕਾਨੂੰਨੀ ਤੌਰ 'ਤੇ ਜ਼ਰੂਰੀ ਹੋਵੇ।

ਨਹੀਂ ਫ਼ਿਰ ਏ.ਸੀ ਕਮਰਿਆਂ 'ਚ ਬਹਿਕੇ ਵੈਂਦਰ ਐਪ 'ਤੇ ਟੈਮਪਰਚਰ ਵਾਲੇ ਸਕਰੀਨ ਸੌਰਟ ਪਾਕੇ, ਟੂ ਡੇ ਇਜ ਵੈਰੀ ਹੌਟ ਅੱਪਡੇਟਸ ਪਾ ਕੇ ਰੱਬ ਨੂੰ ਗਾਲਾਂ ਕੱਢਣ ਦੀ ਲੋੜ ਨਹੀਂ। ਰੱਬ ਕਿਸੇ ਨੇ ਦੇਖਿਆ..?

ਤੁਸੀਂ ਖ਼ੁਦ ਕੁਦਰਤ ਦੇ ਨਾਲ਼ ਜੁੜੋ,ਜ਼ਿੰਦਗੀ ਨਾਲ਼ ਜੁੜ ਜਾਉਂਗੇ। ਕੁਦਰਤ ਜਿਊਣਾ ਸਿਖਾਉਂਦੀ ਹੈ। ਫਿਰ ਝਿਜਕ ਕਾਹਦੀ ਸਿੱਖ'ਲੋ ਜਿਊਣਾ।

*-ਸੁਖਚੈਨ ਸਿੰਘ ਕੁਰੜ*
*(ਪੰਜਾਬੀ ਅਧਿਆਪਕ ਤੇ ਭਾਸ਼ਾ ਮੰਚ ਸਰਪ੍ਰਸਤ)*
*ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਾਨਾ ਸਿੰਘ ਵਾਲਾ*
*(ਫਿਰੋਜ਼ਪੁਰ)*

# ਸ੍ਰੀ ਅਕਾਲ ਤਖਤ ਦੇ ਜਥੇਦਾਰ ਸਰਕਾਰੀ ਸੁਰੱਖਿਆ ਦੇ ਘੇਰੇ ਵਿੱਚ



ਅੰਮ੍ਰਿਤਸਰ, 7 ਜੂਨ (ਪੋਸਟ ਬਿਊਰੋ)- ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਸੁਰੱਖਿਆ ਲਈ ਕੇਂਦਰ ਸਰਕਾਰ ਵੱਲੋਂ ਜ਼ੈਡ ਸੁਰੱਖਿਆ ਪੇਸ਼ ਕਰ ਦਿੱਤੀ ਹੈ। ਕੇਂਦਰ ਨੇ ਜ਼ੈਡ ਸੁਰੱਖਿਆ ਵਿੱਚ ਸਿੱਖ ਕਮਾਂਡੋ ਤੈਨਾਤ ਕੀਤੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨਾਲ ਬੈਠਕ ਪਿੱਛੋਂ ਪੰਜਾਬ ਸਰਕਾਰ ਦੇ ਸੁਰੱਖਿਆ ਮੁਲਾਜ਼ਮ ਵੀ ਜਥੇਦਾਰ ਦੀ ਸੁਰੱਖਿਆ ਲਈ ਆ ਗਏ ਤੇ ਇਸ ਪਿੱਛੋਂ ਜਥੇਦਾਰ ਪੂਰੀ ਸਰਕਾਰੀ ਸੁਰੱਖਿਆ ਦੇ ਘੇਰੇ ਵਿੱਚ ਹਨ, ਜਦ ਕਿ ਪਹਿਲਾਂ ਇਸ ਤੋਂ ਇਨਕਾਰ ਕੀਤਾ ਗਿਆ ਸੀ।

ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਸੁਰੱਖਿਆ ਘਟਾਉਣ ਤੋਂ ਬਾਅਦ ਜਥੇਦਾਰ ਨੇ ਬਾਕੀ ਸੁਰੱਖਿਆ ਵੀ ਵਾਪਸ ਭੇਜ ਦਿੱਤੀ ਸੀ, ਜਿਸ ਪਿੱਛੋਂ ਕੇਂਦਰ ਸਰਕਾਰ ਨੇ ਜਥੇਦਾਰ ਨੂੰ ਜ਼ੈਡ ਸੁਰੱਖਿਆ ਦਿੱਤੀ ਅਤੇ ਇਸ ਦੇ ਨਾਲ ਪੰਜਾਬ ਸਰਕਾਰ ਨੇ ਵੀ ਜਥੇਦਾਰ ਨੂੰ ਪੰਜਾਬ ਪੁਲਸ ਦੀ ਸੁਰੱਖਿਆ ਬਹਾਲ ਕਰ ਦਿੱਤੀ ਸੀ। ਇਸ ਤੋਂ ਪਹਿਲਾਂ ਸਿੱਖ ਨੌਜਵਾਨਾਂ ਨੇ ਜਥੇਦਾਰ ਦੀ ਸੁਰੱਖਿਆ ਖੁਦ ਕਰਨ ਸਬੰਧੀ ਪੇਸ਼ਕਸ਼ ਕੀਤੀ ਸੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰ-ਦਰ ਸਿੰਘ ਧਾਮੀ ਨੇ ਕਮੇਟੀ ਦੇ 12 ਮੁਲਾਜ਼ਮ ਜਥੇਦਾਰ ਦੀ ਸੁਰੱਖਿਆ ਲਈ ਦਿੱਤੇ ਅਤੇ ਕਿਹਾ ਸੀ ਕਿ ਕਮੇਟੀ ਦੇ ਮਰਜੀਵੜੇ ਜਥੇਦਾਰ ਦੀ ਸੁਰੱਖਿਆ ਕਰਨਗੇ।

# ਪੁੱਤ ਨਾਲ ਮਿਲ ਕੇ ਸ਼ਰਾਬੀ ਪਤੀ ਦਾ ਕਤਲ ਕਰ ਸੁੱਟਿਆ

ਲੁਧਿਆਣਾ, 7 ਜੂਨ (ਪੋਸਟ ਬਿਊਰੋ)- ਪੁੱਤਰ ਨਾਲ ਮਿਲ ਕੇ ਔਰਤ ਨੇ ਚਾਕੂਆਂ ਨਾਲ ਕਈ ਵਾਰ ਕਰ ਕੇ ਪਤੀ ਨੂੰ ਮਾਰ ਦਿੱਤਾ। ਬਾਅਦ ਵਿੱਚ ਔਰਤ ਨੇ ਡਰਾਮਾ ਰਚਿਆ ਤੇ ਸਹਿਕਦੇ ਹੋਏ ਪਤੀ ਨੂੰ ਹਸਪਤਾਲ ਲੈ ਗਈ। ਉਸ ਨੇ ਡਾਕਟਰਾਂ ਨੂੰ ਕਿਹਾ ਕਿ ਪੁਰਾਣੀ ਸਰੀਰਕ ਸਮੱਸਿਆ ਕਾਰਨ ਉਸ ਦੇ ਪਤੀ ਦੀ ਤਬੀਅਤ ਵਿਗੜ ਗਈ ਹੈ। ਐਤਵਾਰ ਸ਼ਾਮ ਨੂੰ ਪੁਲਸ ਨੇ ਧਾਰਾ 174 ਦੀ ਕਾਰਵਾਈ ਕੀਤੀ, ਪਰ ਪੋਸਟਮਾਰਟਮ ਰਿਪੋਰਟ ਤੋਂ ਸਾਫ ਹੋਇਆ ਕਿ ਮ੍ਰਿਤਕ ਦੇ ਸਰੀਰ ਉੱਤੇ ਤੇਜ਼ਧਾਰ ਹਥਿਆਰਾਂ ਦੇ ਵੱਧ ਨਿਸ਼ਾਨ ਸਨ। ਇਸ ਪਿੱਛੋਂ ਥਾਣਾ ਪੁਲਸ ਨੇ ਸਤਨਾਮ ਕੌਰ (48) ਅਤੇ ਉਸ ਦੇ ਪੁੱਤਰ ਕਰਣ (18) ਨੂੰ ਗ੍ਰਿਫਤਾਰ ਕਰ ਲਿਆ ਹੈ। ਮ੍ਰਿਤਕ ਦੀ ਪਛਾਣ ਸਾਹ-ਨੇਵਾਲ ਦੇ ਕੁਲਵਿੰਦਰ ਸਿੰਘ (49) ਵਜੋਂ ਹੋਈ ਹੈ।

ਥਾਣਾ ਇੰਚਾਰਜ ਨੇ ਦੱਸਿਆ ਕਿ ਕੁਲਵਿੰਦਰ ਸਿੰਘ ਮਜ਼ਦੂਰੀ ਕਰਦਾ ਸੀ ਅਤੇ ਸ਼ਰਾਬ ਪੀ ਕੇ ਅਕਸਰ ਪਤਨੀ ਤੇ ਪੁੱਤਰ ਦੀ ਕੁੱਟਮਾਰ ਕਰਦਾ ਸੀ। ਕੁਲਵਿੰਦਰ ਸਿੰਘ ਦੀ ਮੌਤ ਦੀ ਸੂਚਨਾ ਮਿਲਣ ਪਿੱਛੋਂ ਜਾਂਚ ਲਈ ਪੁਲਸ ਹਸਪਤਾਲ ਗਈ ਤਾਂ ਸਤਨਾਮ ਕੌਰ ਤੇ ਉਸ ਦੇ ਪੁੱਤਰ ਕਰਣ ਨੇ ਪੁਲਸ ਨੂੰ ਇਹ ਕਹਿ ਕੇ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਕਿ ਕੁਲਵਿੰਦਰ ਲੰਮੇ ਸਮੇਂ ਤੋਂ ਕਿਸੇ ਬਿਮਾਰੀ ਤੋਂ ਪੀੜਤ ਸੀ।ਕੱਲ੍ਹ ਦੁਪਹਿਰ ਬਾਅਦ ਜਦੋਂ ਪੋਸਟਮਾਰਟਮ ਰਿਪੋਰਟ ਆਈ ਤਾਂ ਸ਼ੱਕ ਦੀ ਸੂਈ ਮ੍ਰਿਤਕ ਦੀ ਪਤਨੀ ਅਤੇ ਉਸ ਦੇ ਪੁੱਤਰ ਵੱਲ ਗਈ। ਜਾਂਚ ਦੌਰਾਨ ਮੁਲਜ਼ਮਾਂ ਨੇ ਜੁਰਮ ਮੰਨ ਲਿਆ ਅਤੇਸਤਨਾਮ ਕੌਰ ਨੇ ਦੱਸਿਆ ਕਿ ਕੁਲਵਿੰਦਰ ਸ਼ਰਾਬੀ ਸੀਅ ਤੇ ਅਕਸਰ ਉਸ ਦੀ ਅਤੇ ਉਸ ਦੇ ਪੁੱਤਰ ਦੀ ਕੁੱਟਮਾਰ ਕਰਦਾ ਸੀ। ਐਤਵਾਰ ਨੰ ਕੁਲਵਿੰਦਰ ਨੇ ਉਸ ਕੋਲੋਂ ਸ਼ਰਾਬ ਪੀਣ ਲਈ ਪੈਸਿਆਂ ਦੀ ਮੰਗ ਕੀਤੀ। ਉਸ ਨੇ ਜਦ ਪੈਸੇ ਦੇਣ ਤੋਂ ਮਨ੍ਹਾ ਕੀਤਾ ਤਾਂ ਉਹ ਉਸ ਨੂੰ ਕੁੱਟਣ ਲੱਗ ਪਿਆ। ਰੋਜ਼ ਦੀ ਕੁੱਟਮਾਰ ਤੋਂ ਤੰਗ ਆਈ ਸਤਨਾਮ ਕੌਰ ਨੇ ਪੁੱਤਰ ਦੀ ਮਦਦ ਨਾਲ ਰਸੋਈ ਵਿੱਚ ਪਿਆ ਚਾਕੂ ਚੁੱਕਿਆ ਤੇ ਕੁਲਵਿੰਦਰ ਸਿੰਘ ਉਪਰ ਕਈ ਵਾਰ ਕੀਤੇ। ਬੇਸੁੱਧ ਹੋ ਕੇ ਕੁਲਵਿੰਦਰ ਜ਼ਮੀਨ ਉੱਤੇ ਡਿੱਗ ਪਿਆ ਅਤੇ ਮਾਂ-ਪੁੱਤ ਉਸ ਨੂੰ ਹਸਪਤਾਲ ਲੈ ਗਏ।

# ਸ੍ਰੀ ਹਰਮੰਦਰ ਸਾਹਿਬ ਵਿੱਚ ਫਿਰ ਬੇਅਦਬੀ ਦੀ ਕੋਸ਼ਿਸ਼

ਅੰਮ੍ਰਿਤਸਰ, 7 ਜੂਨ (ਪੋਸਟ ਬਿਊਰੋ)- ਸ੍ਰੀ ਹਰਿਮੰਦਰ ਸਾਹਿਬ ਦੇ ਸਰੋਵਰ ਵਿੱਚ ਬੇਅਦਬੀ ਦੀ ਕੋਸ਼ਿਸ਼ ਦਾ ਮਾਮਲਾ ਸਾਹਮਣੇ ਆਇਆ ਹੈ। ਅਜਿਹਾ ਕਰਨ ਵਾਲੇ ਇੱਕ ਨੌਜਵਾਨ ਨੂੰ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਟਾਸਕ ਫੋਰਸ ਦੇ ਸੇਵਾਦਾਰਾਂ ਨੇ ਫੜ ਲਿਆ। ਇਹ ਨੌਜਵਾਨ ਚੰਡੀਗੜ੍ਹ ਦਾ ਦੱਸਿਆ ਜਾ ਰਿਹਾ ਹੈ। ਨੌਜਵਾਨ ਨੇ ਮੂੰਹ ਵਿੱਚੋਂ ਤੰਬਾਕੂ ਕੱਢ ਕੇ ਸਰੋਵਰ ਵਿੱਚ ਸੁੱਟਣ ਦੀ ਕੋਸ਼ਿਸ਼ ਕੀਤੀ ਸੀ, ਪਰ ਫੜਿਆ ਗਿਆ।

ਇਸ ਬਾਰੇ ਸੇਵਾਦਾਰ ਗੁਰਸੇਵਕ ਸਿੰਘ ਨੇ ਦੱਸਿਆ ਕਿ ਕੱਲ੍ਹ ਸਵੇਰੇ ਉਹ ਸੇਵਾਦਾਰ ਗੁਰਪ੍ਰੀਤ ਸਿੰਘ ਦੇ ਨਾਲ ਸ੍ਰੀ ਹਰਮੰਦਰ ਸਾਹਿਬ ਦੀ ਪਰਿਕਰਮਾ ਕਰ ਰਹੇ ਸਨ। ਇਸੇ ਦੌਰਾਨ ਉਨ੍ਹਾਂ ਨੇ ਇੱਕ ਨੌਜਵਾਨ ਨੂੰ ਬੇਰ ਬਾਬਾ ਬੁੱਢਾ ਸਾਹਿਬ



ਨੇੜੇ ਸਰੋਵਰ ਕੰਢੇ ਬੈਠਾ ਦੇਖਿਆ। ਇਸੇ ਦੌਰਾਨ ਉਸ ਨੇ ਆਪਣੇ ਮੂੰਹ ਵਿੱਚੋਂ ਤੰਬਾਕੂ ਕੱਢਿਆ ਤੇ ਸਰੋਵਰ ਵਿੱਚ ਸੁੱਟਣ ਲੱਗਾ ਤਾਂ ਉਨ੍ਹਾਂ ਨੇ ਤੁਰੰਤ ਉਸ ਨੂੰਕਾਬੂ ਕਰ ਲਿਆ। ਨੌਜਵਾਨ ਨੇ ਏਦਾਂ ਕਿਉਂ ਕੀਤਾ, ਇਸ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ। ਦੋਸ਼ੀ ਦੀ ਪਛਾਣ ਚੰਡੀਗੜ੍ਹ ਦੇ ਸੈਕਟਰ 31 ਹਾਲੋ ਮਾਜਰਾ ਦੀਪ ਕੰਪਲੈਕਸ ਦੇ ਵਸਨੀਕ ਜਗਦੀਸ਼ ਪ੍ਰਸਾਦ ਸਕਸੈਨਾ ਵਜੋਂ ਹੋਈ ਹੈ। ਪੁਲਸ ਨੇ ਦੋਸ਼ੀ ਖਿਲਾਫ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦੋ ਮਹੀਨੇ ਪਹਿਲਾਂ ਇੱਕ ਔਰਤ ਕੋਲੋਂ ਬੀੜੀ ਮਿਲਣ ਅਤੇ ਉਸ ਨਾਲ ਮਾਰਕੁੱਟ ਕਰਨ ਦੀ ਘਟਨਾ ਦੇ ਬਾਅਦ ਸ਼੍ਰੋਮਣੀ ਕਮੇਟੀ ਨੇ ਦਰਬਾਰ ਸਾਹਿਬ ਦੇ ਹਰ ਦਰਵਾਜ਼ੇ ਉੱਤੇ ਚਿਤਾਵਨੀ ਬੋਰਡ ਲਾਏ ਹੋਏ ਹਨ ਅਤੇ ਸ਼ੱਕੀ ਵਿਅਕਤੀਆਂ ਦੀ ਤਲਾਸ਼ੀ ਵੀ ਲਈ ਜਾਂਦੀ ਹੈ। ਇਸ ਦੇ ਬਾਵਜੂਦ ਕਈ ਸ਼ਰਾਰਤੀ ਅਨਸਰ ਮਰਿਆਦਾ ਨੂੰ ਖੰਡਿਤ ਕਰਨ ਤੋਂ ਬਾਜ਼ ਨਹੀਂ ਆ ਰਹੇ।

# ਭਾਜਪਾ ’ਚ ਆਏ ਕਾਂਗਰਸੀ ਦਲਬਦਲੂਆਂ ਦੀ ਵੁੱਕਤ ਵਧਦੀ ਜਾਣ ਤੋਂ ਟਕਸਾਲੀ ਆਗੂ ਨਿਰਾਸ਼

ਜਲੰਧਰ, 7 ਜੂਨ (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੀ ਸੂਬਾਈ ਲੀਡਰਸ਼ਿਪ ਦੇ ਸੀਨੀਅਰ ਆਗੂਆਂ ਵੱਲੋਂ ਇਕੱਠਿਆਂ ਭਾਜਪਾ ਵਿੱਚ ਸ਼ਾਮਲ ਹੋਣ ਨਾਲ ਭਾਜਪਾ ਨੂੰ ਭਾਵੇਂ ਸਿਆਸੀ ਹੁਲਾਰਾ ਮਿਲਿਆ ਹੈ, ਪਰ ਇਸ ਦੇ ਟਕਸਾਲੀ ਆਗੂ ਪਾਰਟੀ ਦੇ ਕਾਂਗਰਸੀਕਰਨ ਤੋਂ ਔਖੇ ਦਿਖਾਈ ਦੇ ਰਹੇ ਹਨ।ਭਾਜਪਾ ਲਈ ਦਹਾਕਿਆਂ ਤੋਂ ਕੰਮ ਕਰ ਰਹੇ ਆਗੂਆਂ ਨੂੰ ਇਹ ਡਰ ਪੈਣ ਲੱਗ ਪਿਆ ਹੈ ਕਿ ਕਾਂਗਰਸ ਵਿੱਚੋਂ ਆਏ ਆਗੂ ਉਨ੍ਹਾਂ ਦੀ ਸਿਆਸੀ ਜ਼ਮੀਨ ਮੱਲ ਲੈਣਗੇ।

ਪਤਾ ਲੱਗਾ ਹੈ ਕਿ ਕਾਂਗਰਸੀ ਆਗੂਆਂ ਦੇ ਭਾਜਪਾ ਵਿੱਚ ਸ਼ਾਮਲ ਹੋਣ ਨਾਲ ਪਾਰਟੀ ਵਰਕਰਾਂ ਵਿੱਚ ਉਤਸ਼ਾਹ ਪੈਦਾ ਹੋਣ ਦੀ ਥਾਂ ਨਿਰਾਸ਼ਾ ਪਾਈ ਜਾ ਰਹੀ ਹੈ। ਸੰਗਰੂਰ ਉਪ ਚੋਣ ਲਈ ਕਾਂਗਰਸ ਤੋਂ ਆਏ ਕੇਵਲ ਸਿੰਘ ਢਿੱਲੋਂ ਨੂੰ




ਆਉਂਦੇ ਸਾਰ ਉਮੀਦਵਾਰ ਬਣਾਏ ਜਾਣ ਤੋਂ ਪੁਰਾਣੇ ਭਾਜਪਾਈ ਨਿਰਾਸ਼ ਹੋਏ ਹਨ। ਉਨ੍ਹਾਂ ਨੂੰ ਮਹਿਸੂਸ ਹੁੰਦਾ ਹੈ ਕਿ ਪਾਰਟੀ ਵਿੱਚ ਆਏ ਕਾਂਗਰਸੀਆਂ ਨੂੰ ਵੱਧ ਤਵੱਜੋਂ ਦਿੱਤੀ ਜਾ ਰਹੀ ਹੈ। ਦੋਆਬੇ ਵਿੱਚੋਂ ਭਾਜਪਾ ਦੇ ਕੁਝ ਆਗੂ ਸੰਗਰੂਰ ਵਿੱਚ ਪਾਰਟੀ ਦੇ ਉਮੀਦਵਾਰ ਦੀ ਨਾਮਜ਼ਦਗੀ ਦਾਖਲ ਕਰਵਾਉਣ ਗਏ ਸਨ। ਜਦੋਂ ਓਥੋਂ ਪਰਤੇ ਇੱਕ ਆਗੂ ਨੇ ਕਿਹਾ ਕਿ ਉਹ ਦਹਾਕਿਆਂ ਤੋਂ ਪਾਰਟੀ ਦੇ ਵਫਾਦਾਰ ਰਹੇ ਹਨ ਤੇ ਭਵਿੱਖ ਵਿੱਚ ਵੀ ਪਾਰਟੀ ਨੀਤੀਆਂ ਅਨੁਸਾਰ ਕੰਮ ਕਰਨਗੇ, ਪਰ ਉਨ੍ਹਾਂ ਨੂੰ ਇਸ ਦਾ ਦੁੱਖ ਹੈ ਕਿ ਪਾਰਟੀ ਵਿੱਚ ਆਏ ਕਾਂਗਰਸੀਆਂ ਨੂੰ ਹੱਦੋਂ ਵੱਧ ਤਵੱਜੋਂ ਦਿੱਤੀ ਗਈ ਹੈ।

# ਭਗਵੰਤ ਮਾਨ ਦਿੱਲੀ ਏਅਰਪੋਰਟ ਲਈ ਵੋਲਵੋ ਬੱਸਾਂ ਨੂੰ 15 ਨੂੰ ਝੰਡੀ ਦੇ ਕੇ ਤੋਰਨਗੇ

## * ਪ੍ਰਾਈਵੇਟ ਦੇ ਢਾਈ ਹਜ਼ਾਰ ਦੀ ਥਾਂ 1150 ਰੁਪਏ ਕਿਰਾਇਆ ਹੋਵੇਗਾ

ਜਲੰਧਰ, 7 ਜੂਨ (ਪੋਸਟ ਬਿਊਰੋ)- ਢਾਈ ਸਾਲਾਂ ਤੋਂ ਬੰਦ ਪਈ ਪੰਜਾਬ ਰੋਡਵੇਜ਼ ਦੀ ਏਅਰਪੋਰਟ ਵੋਲਵੋ ਬੱਸ ਸੇਵਾ 15 ਜੂਨ ਤੋਂ ਫਿਰ ਸ਼ੁਰੂ ਹੋਵੇਗੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ 15 ਜੂਨ ਨੂੰ ਜਲੰਧਰ ਤੋਂ ਏਅਰਪੋਰਟ ਵੋਲਵੋ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕਰਨਗੇ।ਦਿੱਲੀ ਏਅਰਪੋਰਟ ਲਈ ਵੋਲਵੋ ਦੁਪਹਿਰੇ ਇੱਕ ਵਜੇ ਚੱਲੇਗੀ।

ਪਤਾ ਲੱਗਾ ਹੈ ਕਿ ਇਸ ਦਾ ਟਾਈਮ ਟੇਬਲ ਕੁਝ ਏਦਾਂ ਬਣਾਇਆ ਹੈ ਤਾਂ ਕਿ ਰਾਤ ਅੰਤਰਰਾਸ਼ਟਰੀ ਫਲਾਈਟਸ ਲਈ ਯਾਤਰੀ ਸਮੇਂ ਉੱਤੇ ਦਿੱਲੀ ਏਅਰਪੋਰਟ ਪੁੱਜਸਕਣ। ਜਲੰਧਰ ਤੋਂ ਦਿੱਲੀ ਅੰਤਰਰਾਸ਼ਟਰੀ ਏਅਰਪੋਰਟ ਤਕ ਪ੍ਰਤੀ ਯਾਤਰੀ ਕਿਰਾਇਆ1150 ਰੁਪਏ ਹੋਵੇਗਾ। ਇਸ ਸਮੇਂ ਏਅਰਪੋਰਟ ਤਕ ਚੱਲਦੀਆਂ ਨਿੱਜੀ ਬੱਸਾਂ ਵਿੱਚ ਪ੍ਰਤੀ



ਯਾਤਰੀ 2500 ਰੁਪਏ ਜਾਂ ਇਸ ਤੋਂ ਵੱਧ ਲਏ ਜਾਂਦੇ ਹਨ। ਪੰਜਾਬ ਰੋਡਵੇਜ਼ ਦੇ ਲਗਭਗ 11 ਡਿਪੂ ਇਸ ਸਮੇਂ ਵੋਲਵੋ ਬੱਸਾਂ ਚਲਾ ਰਹੇ ਹਨ ਅਤੇ ਇਨ੍ਹਾਂ ਸਾਰੇ ਡਿਪੂਆਂ ਤੋਂ ਏਅਰਪੋਰਟ ਲਈ ਵੋਲਵੋ ਬੱਸ ਸੇਵਾ ਸ਼ੁਰੂ ਕਰਨ ਦੀ ਯੋਜਨਾ ਹੈ। ਸ਼ੁਰੂ ਵਿੱਚ ਸਿਰਫ ਮੌਜੂਦਾ ਪਰਮਿਟ ਦੇ ਆਧਾਰ ਉੱਤੇ ਏਅਰਪੋਰਟ ਵੋਲਵੋ ਚੱਲੇਗੀ ਅਤੇ ਨਵੇਂ ਮਿਲਣ ਵਾਲੇ ਸਟੇਜ ਕੈਰਿਜ ਪਰਮਿਟ ਅਧੀਨ ਵੀ ਬੱਸਾਂ ਚਲਾਈਆਂ ਜਾਣਗੀਆਂ ਅਤੇ ਕੁੱਲ 30 ਵੋਲਵੋ ਚੱਲਣਗੀਆਂ।

# ਮੌਤ ਤੋਂ ਡਰੇ ਗੈਂਗਸਟਰ ਸੁਰੱਖਿਆ ਮੰਗਣ ਹਾਈ ਕੋਰਟ ਪੁੱਜਣ ਲੱਗੇ

ਚੰਡੀਗੜ੍ਹ, 7 ਜੂਨ (ਪੋਸਟ ਬਿਊਰੋ)- ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਪਿੱਛੋਂ ਪੰਜਾਬ ਦੇ ਗੈਂਗਸਟਰ ਚਰਚਾ ਵਿੱਚ ਆ ਗਏ ਹਨ। ਆਮ ਲੋਕਾਂ ਲਈ ਡਰ ਦਾ ਕਾਰਨ ਬਣੇ ਗੈਂਗਸਟਰ ਇਨ੍ਹੀਂ ਦਿਨੀਂ ਦਹਿਸ਼ਤ ਵਿੱਚ ਹਨ। ਮੌਤ ਦੇ ਡਰ ਕਾਰਨ ਇਹ ਗੈਂਗਸਟਰ ਫਰਿਆਦੀ ਬਣ ਕੇ ਪੰਜਾਬ ਹਰਿਆਣਾ ਹਾਈ ਕੋਰਟ ਦੀ ਸ਼ਰਣ ਪਹੁੰਚ ਰਹੇ ਹਨ।

ਪਿਛਲੇ ਹਫਤੇ ਗੈਂਗਸਟਰ ਲਾਰੈਂਸ ਬਿਸ਼ਨੋਈ ਨੇ ਜਾਨ ਨੂੰ ਖਤਰਾ ਦੱਸ ਕੇ ਇੱਕ ਅਰਜ਼ੀ ਦਿੱਤੀ ਸੀ, ਜਿਹੜੀ ਹਾਈ ਕੋਰਟ ਨੇ ਰੱਦ ਕਰ ਦਿੱਤੀ ਸੀ। ਫਿਰ ਦੋ ਹੋਰ ਗੈਂਗਸਟਰਾਂ ਜੱਗੂ ਭਗਵਾਨਪੁਰੀਆ ਤੇ ਅਮਿਤ ਡਾਗਰ ਨੇ ਆਪਣੀ ਜਾਨ ਨੂੰ ਖਤਰਾ ਦੱਸ ਕੇ ਸੁਰੱਖਿਆ ਦੇਣ ਲਈ ਹਾਈ ਕੋਰਟ ਤੋਂ ਮੰਗ ਕੀਤੀ ਸੀ। ਹਾਈ ਕੋਰਟ ਦੀ ਵੋਕੇਸ਼ਨ ਬੈਂਚ ਨੇ ਇਨ੍ਹਾਂ



ਦੋਵਾਂ ਦੀਆਂ ਅਰਜ਼ੀਆਂ ਉੱਤੇ ਸੁਣਵਾਈ ਕਰਦੇ ਹੋਏ ਕਿਹਾ ਕਿ ਜੱਗੂ ਭਗਵਾਨਪੁਰੀਆ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਹੈ, ਉਹ ਉਥੇ ਅਰਜ਼ੀ ਦਵੇ, ਤਿਹਾੜ ਜੇਲ੍ਹ ਇਸ ਅਦਾਲਤ ਦੇ ਅਧਿਕਾਰ ਖੇਤਰ ਵਿੱਚ ਨਹੀਂ ਹੈ।

ਓਧਰਬਠਿੰਡਾ ਜੇਲ੍ਹ ਵਿੱਚ ਬੰਦ ਗੈਂਗਸਟਰ ਅਮਿਤ ਡਾਗਰ ਦੀ ਇਸੇ ਤਰ੍ਹਾਂ ਦੀ ਮੰਗ ਉੱਤੇ ਹਾਈ ਕੋਰਟ ਨੇ ਉਸ ਨੂੰ ਟਰਾਇਲ ਕੋਰਟ ਵਿੱਚ ਅਰਜ਼ੀ ਦੇਣ ਨੂੰ ਕਿਹਾ ਹੈ।ਤਿਹਾੜ ਜੇਲ੍ਹ ਵਿੱਚ ਬੰਦ ਜੱਗੂ ਭਗਵਾਨਪੁਰੀਆ ਵੱਲੋਂ ਉਸ ਦੀ ਮਾਂ ਨੇ ਹਾਈ ਕੋਰਟ ਵਿੱਚ ਅਰਜ਼ੀ ਦੇ ਕੇ ਮੰਗ ਕੀਤੀ ਸੀ ਕਿ ਜਾਂਚ ਤੇ ਪੁੱਛਗਿੱਛ ਲਈ ਜੱਗੂ ਨੂੰ ਬੁਲੇਟ ਪਰੂਫ ਕਾਰ ਵਿੱਚ ਜੇਲ੍ਹ ਤੋਂ ਬਾਹਰ ਲਿਆਂਦਾ ਜਾਏ,ਕਿਉਂਕਿ ਉਸ ਦੇ ਵਿਰੋਧੀ ਗੈਂਗਸਟਰ ਉਸ ਉੱਤੇ ਹਮਲਾ ਕਰ ਸਕਦੇ ਹਨ। ਇਹੀ ਨਹੀਂ ਜੱਗੂ ਦੀ ਮਾਂ ਨੇ ਪੁਲਸ ਉੱਤੇ ਵੀ ਆਪਣੇ ਬੇਟੇ ਦੇ ਐਨਕਾਊਂਟਰ ਕਰਨ ਦਾ ਸ਼ੱਕ ਕੀਤਾ ਹੈ। ਇਸ ਅਰਜ਼ੀ ਵਿੱਚ ਉਸ ਨੇ ਕਿਹਾ ਹੈ ਕਿ ਪਿਛਲੇ ਸਾਲ ਵਿੱਕੀ ਮਿੱਡੂਖੇੜਾ ਦੀ ਹੱਤਿਆ ਵਿੱਚ ਜਦ ਕਾਮਯਾਬੀ ਨਹੀਂ ਮਿਲੀ ਸੀ ਤਾਂ ਪੁਲਸ ਨੇ ਉਸ ਦੇ ਬੇਟੇ ਦਾ ਨਾਂਅ ਇਸ ਮਾਮਲੇ ਵਿੱਚ ਸ਼ਾਮਲ ਕਰ ਦਿੱਤਾ ਸੀ। ਉਸ ਨੇ ਕਿਹਾ ਕਿ ਉਸ ਦੇ ਬੇਟੇ ਖਿਲਾਫ ਕਈ ਕਸੇ ਬਣਾਏ ਗਏ ਹਨ, ਜਿਨ੍ਹਾਂ ਤੋਂ ਉਹ ਜਲਦੀ ਬਰੀ ਹੋ ਸਕਦਾ ਹੈ। ਇਸੇ ਕਾਰਨ ਉਸ ਦੇ ਬੇਟੇ ਨੂੰ ਇਸ ਕੇਸ ਵਿੱਚ ਫਸਾਉਣ ਦੀ ਸਾਜ਼ਿਸ਼ ਚੱਲ ਰਹੀ ਹੈ। ਉਸ ਦਾ ਬੇਟਾ ਹਰ ਕੇਸ ਦੀ ਜਾਂਚ ਵਿੱਚ ਸ਼ਾਮਲ ਹੋਣ ਨੂੰ ਤਿਆਰ ਹੈ। ਪਿਛਲੇ ਸਾਲ ਹੋਏ ਯੂਥ ਅਕਾਲੀ ਨੇਤਾ ਵਿੱਕੀ ਮਿੱਡੂਖੇੜਾ ਦੇ ਕਤਲ ਦੇ ਦੋਸ਼ੀ ਗੈਂਗਸਟਰ ਅਮਿਤ ਡਾਗਰ ਨੇ ਵੀ ਸੁਰੱਖਿਆ ਮੰਗੀ ਸੀ। ਡਾਗਰ ਇਸ ਸਮੇਂ ਬਠਿੰਡਾ ਜੇਲ੍ਹ ਵਿੱਚ ਹੈ। ਉਸ ਉੱਤੇ ਵੀਹ ਤੋਂ ਵੱਧ ਅਪਰਾਧਕ ਕੇਸ ਹਨ। ਡਾਗਰ ਨੇ ਵੀ ਮੰਗ ਕੀਤੀ ਹੈ ਕਿ ਉਸ ਨੂੰ ਜੇਲ੍ਹ ਤੋਂ ਬਾਹਰ ਜਾਂਚ ਲਈ ਜਾਂ ਅਦਾਲਤ ਵਿੱਚ ਪੇਸ਼ ਕਰਨ ਲਈ ਲਿਜਾਂਦੇ ਸਮੇਂ ਬੁਲੇਟ ਪਰੂਫ ਜੈਕਟ ਅਤੇ ਬੁਲੇਟ ਪਰੂਫ ਵਾਹਨ ਵਿੱਚ ਲਿਜਾਇਆ ਜਾਵੇ ਅਤੇ ਜੇਲ੍ਹ ਵਿੱਚ ਸੁਰੱਖਿਆ ਦੀ ਅਪੀਲ ਕੀਤੀ ਹੈ।

# ਨਗਰ ਕੌਂਸਲ ਸ੍ਰੀ ਹਰਗੋਬਿੰਦਪੁਰ ਦੇ ਪ੍ਰਧਾਨ ਉੱਤੇ ਫਾਇਰਿੰਗ

ਸ੍ਰੀ ਹਰਗੋਬਿੰਦਪੁਰ, 7 ਜੂਨ (ਪੋਸਟ ਬਿਊਰੋ)- ਕੱਲ੍ਹ ਅੱਧੀ ਰਾਤ ਅਣਪਛਾਤੇ ਬੰਦਿਆਂ ਨੇ ਸ੍ਰੀ ਹਰਗੋਬਿੰਦਪੁਰ ਨਗਰ ਕੌਂਸਲ ਦੇ ਪ੍ਰਧਾਨ ਉੱਤੇ ਫਾਇਰਿੰਗ ਕਰ ਦਿੱਤੀ, ਜਿਸ ਬਾਰੇ ਪੁਲਸ ਕਾਰਵਾਈ ਕਰ ਰਹੀ ਹੈ। ਥਾਣਾ ਸ੍ਰੀ ਹਰਗੋਬਿੰਦਪੁਰ ਵਿਖੇ ਦਰਜ ਕਰਵਾਏ ਬਿਆਨਾਂ ਵਿੱਚ ਨਗਰ ਕੌਂਸਲ ਪ੍ਰਧਾਨ ਨਵਦੀਪ ਸਿੰਘ ਪੁੱਤਰ ਹਰਦੇਵ ਸਿੰਘ ਪਿੰਡ ਧੀਰੋਵਾਲ ਨੇ ਦੱਸਿਆ ਕਿ ਰਾਤ ਸਾਢੇ 11 ਵਜੇ ਉਹ ਆਪਣੀ ਕੋਠੀ ਸ੍ਰੀ ਹਰਗੋਬਿੰਦਪੁਰ-ਘੁਮਾਣ ਰੋਡ ਤੋਂ ਆਪਣੀ ਗੱਡੀ ਮਰਸਡੀਜ਼ ਉੱਤੇ ਆਪਣੇ ਘਰ ਪਿੰਡ ਧੀਰੋਵਾਲ ਜਾ ਰਿਹਾ ਸੀ ਅਤੇ ਗੰਨਮੈਨ ਸਕਾਰਪੀਓ ਉੱਤੇਉਸ ਦੀ ਗੱਡੀ ਦੇ ਪਿੱਛੇ ਆ ਰਹੇ ਸਨ ਤੇ ਇਸ ਗੱਡੀ ਨੂੰ ਅਵਤਾਰ ਸਿੰਘ ਪੁੱਤਰ ਸ਼ੀਤਲ ਸਿੰਘ ਵਾਸੀ ਵਰਸਾਲਚੱਕ ਚਲਾ ਰਿਹਾ ਸੀ। ਇਸ ਦੌਰਾਨ ਗੰਨਮੈਨਾਂ ਦੀ ਗੱਡੀ ਗੌਤਮ ਹਸਪਤਾਲ ਗੁਰਦਾਸਪੁਰ ਰੋਡ ਸ੍ਰੀ ਹਰਗੋਬਿੰਦਪੁਰ ਵਿਖੇ ਡਰਾਈਵਰ ਅਵਤਾਰ ਸਿੰਘ ਨੇ ਐਮਰਜੈਂਸੀ ਦਵਾਈ ਲੈਣ ਲਈ ਰੋਕ ਲਈ ਅਤੇ ਮੈਂ ਆਪਣੀ ਗੱਡੀ ਉੱਤੇ ਅੱਗੇ ਨਿਕਲ ਗਿਆ। ਜਦੋਂ ਗੁਰਦਾਸਪੁਰ ਰੋਡ ਉੱਤੇ ਪੁਲ ਸੂਆ ਤੋਂ ਅੱਗੇ ਗਏ ਤਾਂ ਕੱਚੀ ਜਗ੍ਹਾ ਉੱਤੇਚਿੱਟੇ ਰੰਗ ਦੀ ਗੱਡੀ ਖੜ੍ਹੀ ਸੀ। ਇਸੇ ਦੌਰਾਨ ਦੋ ਵਿਅਕਤੀਆਂ, ਜਿਨ੍ਹਾਂ ਦੇ ਹੱਥਾਂ ਵਿੱਚ ਪਿਸਟਲ ਸਨ, ਨੇ ਮੈਨੂੰ ਮਾਰ ਦੇਣ ਦੀ ਨੀਤ ਨਾਲ ਫਾਇਰਿੰਗ ਸ਼ੁਰੂ ਕਰ ਦਿੱਤੀ ਅਤੇ ਮੈਂ ਮੁਸ਼ਕਲ ਨਾਲ ਆਪਣੀ ਗੱਡੀ ਭਜਾਉਂਦਾ ਹੋਇਆ ਵਾਲ-ਵਾਲ ਬਚਿਆ ਤੇ ਗੋਲੀਆਂ ਮੇਰੀ ਗੱਡੀ ਉੱਤੇ ਵੱਜੀਆਂ।


Steinmetz & Associates

PERSONAL INJURY LAWYERS



Harry Steinmetz
Certified as Specialist
by the Law Society of
Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto

email: bsidhu@steinmetzlawyers.ca website: www.steinmetzlawyers.ca



ਕੀ ਤੁਸੀਂ ਕਰਜ਼ੇ ਵਿੱਚ ਹੋ?

ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?





BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੂਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

-Collection Calls
-Personal Taxes
-GST/HST

-Credit Card Debts
-Personal Loans
-Pay Day Loans
-Student Loans

-Wage Garnishment
-Writ on your property
-Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
-Save your Assets
-Avoid Bankruptcy
-Small monthly payments
-Rebuild your credit

YOUR DEBT $ MY SOLUTION

ਵਾਰਾਨਸੀ ਬੰਬ ਧਮਾਕਾ ਮਾਮਲਾ:

# 18 ਮੌਤਾਂ ਦੇ ਦੋਸ਼ ਵਿੱਚ 16 ਸਾਲ ਪਿੱਛੋਂ ਅੱਤਵਾਦੀ ਵਲੀਉਲਾ ਨੂੰ ਮੌਤ ਦੀ ਸਜ਼ਾ ਸੁਣਾਈ ਗਈ



ਲਖਨਊ, 7 ਜੂਨ (ਪੋਸਟ ਬਿਊਰੋ)- ਵਾਰਾਨਸੀ ਸੀਰੀਅਲ ਬਲਾਸਟ ਕੇਸ ਵਿੱਚ ਗਾਜ਼ੀਆਬਾਦ ਅਦਾਲਤ ਨੇ ਕੱਲ੍ਹ ਸਜ਼ਾ ਦਾ ਐਲਾਨ ਕੀਤਾ। ਅਤੇ ਉਸਦੇ 16 ਸਾਲ ਬਾਅਦ ਅਤਿਵਾਦੀ ਵਲੀਉਲਾ ਨੂੰ ਮੌਤ ਦੀ ਸਜ਼ਾ ਸੁਣਾਈ ਹੈ।

ਵਰਨਣ ਯੋਗ ਹੈ ਕਿ 23 ਮਈ ਨੂੰ ਗਾਜ਼ੀਆਬਾਦ ਦੀ ਜ਼ਿਲ੍ਹਾ ਅਤੇ ਸੈਸ਼ਨ ਅਦਾਲਤ ਵਿੱਚ ਵਾਰਾਨਸੀ ਬੰਬ ਕਾਂਡ ਦੀ ਸੁਣਵਾਈ ਪੂਰੀ ਹੋਈ ਸੀ। ਅਦਾਲਤ ਨੇ ਸਜ਼ਾ ਸੁਣਾਉਣ ਲਈ 4 ਜੂਨ ਦੀ ਤਰੀਕ ਰੱਖੀ ਸੀ, ਪਰ ਸਜ਼ਾ ਕੱਲ੍ਹ ਸੁਣਾਈ ਹੈ। ਸੁਣਵਾਈ ਵੇਲੇ ਬੰਬ ਕਾਂਡ ਦੇ ਦੋਸ਼ੀ ਵਲੀਉਲਾ ਨੂੰ ਸਖ਼ਤ ਸੁਰੱਖਿਆ ਹੇਠ ਲਿਆਂਦਾ ਗਿਆ।

5 ਅਪ੍ਰੈਲ 2006 ਨੂੰ ਯੂ ਪੀ ਪੁਲਸ ਨੇ ਪ੍ਰਯਾਗਰਾਜ ਜ਼ਿਲ੍ਹੇ ਦੇ ਫੂਲਪੁਰ ਪਿੰਡ ਦੇ ਵਲੀਉਲਾ ਨੂੰ ਗ੍ਰਿਫ਼ਤਾਰ ਕੀਤਾ ਸੀ। 7 ਮਾਰਚ 2006 ਨੂੰ ਵਾਰਾਨਸੀ ਦੇ ਸੰਕਟ ਮੋਚਨ ਮੰਦਿਰ, ਰੇਲਵੇ ਕੈਂਟ ਤੇ ਦਸ਼ਾਸਵਮੇਧ ਘਾਟ ਉੱਤੇ ਲੜੀਵਾਰ ਬੰਬ ਧਮਾਕੇ ਹੋਏ ਸਨ, ਜਿਨ੍ਹਾਂ ਨਾਲ ਸੰਕਟ ਮੋਚਨ ਮੰਦਰ ਵਿੱਚ ਸੱਤ ਅਤੇ ਰੇਲਵੇ ਕੈਂਟ ਵਿੱਚ 11 ਲੋਕਾਂ ਦੀ ਮੌਤ ਹੋ ਗਈ ਅਤੇ 35 ਤੋਂ ਵੱਧ ਲੋਕ ਜ਼ਖਮੀ ਹੋ ਗਏ ਸਨ।ਵਾਰਾਨਸੀ ਦੇ ਬੰਬ ਧਮਾਕਿਆਂ ਪਿੱਛੋਂ ਅਣਪਛਾਤੇ ਦੋਸ਼ੀਆਂ ਵਿਰੁੱਧ ਤਿੰਨ ਕੇਸ ਦਰਜ ਕੀਤੇ ਗਏ ਸਨ। ਪੁਲਸ ਜਾਂਚ ਦੌਰਾਨ ਦੋਸ਼ੀਆਂ ਦੇ ਨਾਂ ਪਤਾ ਲੱਗੇ। ਵਲੀਉਲਾ ਤੋਂ ਇਲਾਵਾ ਬਸ਼ੀਰ, ਜ਼ਕਰੀਆ, ਮੁਸਤਫਿਜ਼ ਅਤੇ ਮੁਹੰਮਦ ਜ਼ੁਬੈਰ ਵੀ ਤਿੰਨਾਂ ਕੇਸਾਂ ਵਿੱਚ ਦੋਸ਼ੀ ਸਨ। 9 ਮਈ 2006 ਨੂੰ ਮੁਹੰਮਦ ਜ਼ੁਬੈਰ ਜੰਮੂ-ਕਸ਼ਮੀਰ ਵਿੱਚ ਕੰਟਰੋਲ ਰੇਖਾ ਨੇੜੇ ਇੱਕ ਪੁਲਸ ਮੁਕਾਬਲੇ ਵਿੱਚ ਮਾਰਿਆ ਗਿਆ ਸੀ। ਉਹ ਬਾਗਪਤ ਦੇ ਟਾਂਡਾ ਪਿੰਡ ਦਾ ਵਸਨੀਕ ਸੀ। ਬਸ਼ੀਰ, ਜ਼ਕਰੀਆ, ਮੁਸਤਫਿਜ਼, ਜੋ ਬੰਗਲਾਦੇਸ਼ ਦਾ ਵਸਨੀਕ ਹਨ, ਨੂੰ ਪੁਲਸ ਅਜੇ ਤਕ ਨਹੀਂ ਫੜ ਸਕੀ।

ਪਾਕਿ ਦੇ ਸੱਤਾਧਾਰੀ ਦਲ ਦਾ ਦਾਅਵਾ:

# ਇਮਰਾਨ ਖਾਨ ਦੀ ਪਤਨੀ ਦੀ ਸਹੇਲੀ ਏਸ਼ੀਆ ਦੇ ਸਭ ਤੋਂ ਵੱਡੇ ਮਨੀ ਲਾਂਡਰਿੰਗ ਸਕੈਂਡਲ ਵਿੱਚ ਸ਼ਾਮਲ





ਇਸਲਾਮਾਬਾਦ, 7 ਜੂਨ (ਪੋਸਟ ਬਿਊਰੋ)-ਪਾਕਿਸਤਾਨ ਦੀ ਸੱਤਾਧਿਰ ਮੁਸਲਿਮ ਲੀਗ-ਨਵਾਜ਼ ਨੇ ਦਾਅਵਾ ਕੀਤਾ ਹੈ ਕਿ ਸਾਬਕਾ ਫਸਟ ਲੇਡੀ ਬੁਸ਼ਰਾ ਬੀਬੀ ਦੀ ਸਹੇਲੀ ਫਰਾਹ ਖਾਨ ਏਸ਼ੀਆ ਦੇ ਸਭ ਤੋਂ ਵੱਡੇ ਮਨੀ ਲਾਂਡਰਿੰਗ ਸਕੈਂਡਲ ਵਿੱਚ ਸ਼ਾਮਲ ਸੀ।ਇਸ ਬਾਰੇ ਹਾਕਮ ਪਾਰਟੀ ਦੇ ਨੇਤਾਵਾਂ ਨੇ ਚੋਟੀ ਦੀ ਰੀਅਲ ਅਸਟੇਟ ਕਾਰੋਬਾਰੀ ਰਿਆਜ਼ ਅਤੇ ਉਸਦੀ ਬੇਟੀ ਦਾ ਇੱਕ ਆਡੀਓ ਕਲਿਪ ਇਮਰਾਨ ਦੀ ਪਤਨੀ ਬੁਸ਼ਰਾ ਬੀਬੀ ਅਤੇ ਫਰਾਹ ਖਾਨ ਵੱਲੋਂ ਕੀਤੇ ਗਏ ਭ੍ਰਿਸ਼ਟਾਚਾਰ ਤੇ ਸਬੂਤ ਦੇ ਰੂਪ ਵਿੱਚ ਪ੍ਰੈਸ ਕਾਨਫਰੰਸ ਵਿੱਚ ਚਲਾਇਆ।

ਪੰਜਾਬ ਸਰਕਾਰ ਦੇ ਬੁਲਾਰੇ ਅਤਾਉਲਾਹ ਤਰਾਰ ਅਤੇ ਪੀ ਐਮ ਐਲ-ਐਨ ਦੀ ਸੂਬਾ ਸੂਚਨਾ ਸੈਕਟਰੀ ਆਜ਼ਮਾ ਬੁਖ਼ਾਰੀ ਨੇ ਦੋਸ਼ ਲਾਇਆ ਕਿ ਫਰਾਹ ਖਾਨ ਨੇ ਪੰਜਾਬ ਵਿੱਚ ਆਪਣੇ ਦਫ਼ਤਰ ਤੋਂ ਪੂਰੇ ਦੇਸ਼ ਉੱਤੇ ਰਾਜ ਕੀਤਾ ਤੇ ਅਰਬਾਂ ਰੁਪਏ ਦੀ ਜਾਇਦਾਦ ਇਕੱਠੀ ਕੀਤੀ। ਤਰਾਰ ਨੇ ਉਨ੍ਹਾਂ ਨੂੰ 'ਫਰਾਹ ਗੋਗੀ'ਕਹਿ ਕੇ ਦੋਸ਼ ਲਾਇਆ ਕਿ ਉਹ ਭਾਰੀ ਰਕਮਾਂ ਦੇ ਬਦਲੇ ਪੰਜਾਬ ਦੇ ਸਰਕਾਰੀ ਅਧਿਕਾਰੀਆਂ ਦੇ ਟਰਾਂਸਫਰ ਤੇ ਨਿਯੁਕਤੀਆਂ ਨੂੰ ਮਨਜ਼ੂਰੀ ਦਿੰਦੀ ਸੀ ਤੇ ਇਹ ਜਾਇਦਾਦ ਅਰਬਾਂ ਰੁਪਏ ਦੇ ਹੀਰੇ ਖਰੀਦਣ ਉੱਤੇ ਖ਼ਰਚ ਕੀਤੀ ਜਾਂਦੀ ਸੀ। ਹੀਰੇ ਦੁਬਈ ਭੇਜੇ ਗਏ ਸਨ, ਜਿੱਥੇ ਉਨ੍ਹਾਂ ਨੂੰ ਵੇਚ ਦਿੱਤਾ ਗਿਆ।ਇਨ੍ਹਾਂ ਨੇਤਾਵਾਂ ਨੇ ਦੋਸ਼ ਲਾਇਆ ਕਿ ਮਾਮਲਾ ਹੀਰਿਆਂ ਦੇ ਸੌਦੇ ਤਕ ਹੀ ਸੀਮਤ ਨਹੀਂ। ਮਹਿੰਗੀਆਂ ਪੇਂਟਿੰਗਸ ਤੇ ਘੜੀਆਂ ਦੀ ਵਿਕਰੀ ਦੀ ਜਾਣਕਾਰੀ ਜਲਦੀ ਸਾਹਮਣੇ ਆਏਗੀ। ਉਨ੍ਹਾਂ ਨੇ ਕਿਹਾ ਕਿ ਦੁਬਈ ਵਿੱਚ ਵਿਕਰੀ ਤੋਂ ਮਿਲੇ ਪੈਸੇ ਹਵਾਲਾ ਅਤੇ ਹੁੰਡੀ ਰਾਹੀਂ ਪਾਕਿਸਤਾਨ ਟਰਾਂਸਫਰ ਕੀਤੇ ਗਏ ਸਨ। ਉਨ੍ਹਾਂ ਨੇ ਪਾਕਿਸਤਾਨ ਤਹਿਰੀਕੇ ਇਨਸਾਫ (ਪੀ ਟੀ ਆਈ) ਪਾਰਟੀ ਦੇ ਪ੍ਰਧਾਨ ਇਮਰਾਨ ਖਾਨ ਨੂੰ ਫਰਾਹ ਗੋਗੀ ਨੂੰ ਘਰ ਪਰਤਣ ਅਤੇ ਜਾਂਚ ਵਿੱਚ ਸ਼ਾਮਲ ਹੋਣ ਲਈ ਕਹਿਣ ਦਾ ਸੱਦਾ ਦਿੱਤਾ ਹੈ। ਇਹ ਕੇਸ ਪਾਕਿਸਤਾਨ ਦੀ ਸਿਆਸਤ ਨੂੰ ਹਲੂਣਾ ਦੇਣ ਵਾਲਾ ਹੈ।

## ਯੂਰੀਆ ਚੋਰੀ ਕਰਨ ਵਾਲੇ ਉਦਯੋਗਾਂ ਉੱਤੇ ਛਾਪੇ, 35 ਹਜ਼ਾਰ ਬੋਰੀਆਂ ਬਰਾਮਦ

ਨਵੀਂ ਦਿੱਲੀ, 7 ਜੂਨ (ਪੋਸਟ ਬਿਊਰੋ)- ਖੇਤੀ ਵਿੱਚ ਵਰਤੇ ਜਾਣ ਵਾਲੇ ਯੂਰੀਆ ਦਾ ਵੱਡਾ ਹਿੱਸਾਵੱਖ-ਵੱਖ ਉਦਯੋਗਾਂ ਵਿੱਚ ਚੋਰੀ ਵਰਤਿਆ ਜਾ ਰਿਹਾ ਹੈ। ਯੂਰੀਆ ਨੂੰ ਨਿੰਮ ਕੋਟਿਡ ਕਰਨ ਨਾਲ ਉਸ ਦੀ ਉਦਯੋਗਿਕ ਵਰਤੋਂਨਾਲਰ ਖ਼ਤਮ ਮੰਨਿਆ ਜਾ ਰਿਹਾ ਸੀ, ਪ੍ਰੰਤੂ ਉਦਯੋਗਾਂ ਵਿੱਚ ਨਿੰਮ ਕੋਟਿਡ ਯੂਰੀਆ ਦੀ ਭਾਰੀ ਬਰਾਮਦਗੀ ਤੋਂ ਸਾਫ ਹੈ ਕਿ ਇਸ ਦਾ ਵੀ ਤੋੜ ਕੱਢ ਲਿਆ ਗਿਆ ਹੈ। ਕੇਂਦਰੀ ਖਾਦ ਮੰਤਰਾਲੇ ਨੇ ਇਸ ਦੇ ਖਿਲਾਫ ਦੇਸ਼ ਪੱਧਰੀ ਮੁਹਿੰਮ ਛੇੜੀਅਤੇ ਯੂਰੀਆ ਚੋਰੀ ਕਰਨ ਵਾਲੇ ਉਦਯੋਗਾਂ ਦੀ ਨਿਸ਼ਾਨਦੇਹੀ ਕਰ ਕੇ ਛਾਪੇਮਾਰੀ ਤੇਜ਼ ਕਰ ਦਿੱਤੀ ਹੈ।

ਇਸ ਸੰਬੰਧ ਵਿੱਚ ਮੰਤਰਾਲੇ ਦੇ ਸੂਤਰਾਂ ਮੁਤਾਬਕ 10 ਰਾਜਾਂ ਵਿੱਚ ਵਿਸ਼ੇਸ਼ ਟੀਮਾਂ (ਫਲਾਇੰਗ ਸਕੁਐਡ) ਨੇ ਥਾਂ-ਥਾਂ ਛਾਪੇਮਾਰੀ ਕੀਤੀ ਹੈ, ਜਿਸ ਦੌਰਾਨ 35 ਹਜ਼ਾਰ ਯੂਰੀਆ ਦੀਆਂ ਬੋਰੀਆਂ ਮਿਲੀਆਂ ਹਨ। ਇਹ ਕਰਵਾਈ ਪਿਛਲੇ ਡੇਢ ਮਹੀਨੇ ਤੋਂ ਚੱਲ ਰਹੀ ਹੈ। ਅਤਿ ਰਿਆਇਤੀ ਦਰ ਵਾਲੇ ਯੂਰੀਆ ਦੀ ਚੋਰੀ ਵਿੱਚ ਅੱਜਤਕ ਛੇ ਜਣਿਆਂ ਨੂੰ ਜੇਲ੍ਹ ਭੇਜਿਆ ਜਾ ਚੁੱਕਾ ਹੈ, ਜਦ ਕਿ ਅੱਠ ਜਣਿਆਂ ਦੇ ਖਿਲਾਫ ਸ਼ਿਕਾਇਤ ਦਰਜ ਕਰਵਾਈ ਹੈ।ਮੰਤਰਾਲੇ ਨੇ ਦੱਸਿਆ ਹੈ ਕਿ ਉਦਯੋਗਾਂ ਵਿੱਚ ਯੂਰੀਆ ਦੀ ਵਰਤੋਂ ਕਰਦੇ ਲੋਕਾਂ ਉੱਤੇ ਸਖ਼ਤ ਨਜ਼ਰ ਰੱਖੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਕੱਪੜਾ, ਚਮੜਾ ਰੰਗਾਈ, ਪਲਾਈਵੁੱਡ, ਕੈਟਲ ਫੀਡ ਅਤੇ ਟੈਕਸਟਾਈਲਜ਼ ਸਮੇਤ ਕਈ ਹੋਰ ਸੈਕਟਰਾਂ ਵਿੱਚ ਯੂਰੀਆ ਦੀ ਕਰੀਬ 12 ਤੋਂ 15 ਲੱਖ ਟਨ ਖਪਤ ਹੁੰਦੀ ਹੈ। ਇਸ ਦੇ ਮੁਕਾਬਲੇ ਇਨ੍ਹਾਂ ਸੈਕਟਰਾਂ ਦੇ ਉਦਯੋਗਾਂ ਨੇ ਯੂਰੀਆ ਦੀ ਕੁੱਲ ਇੰਪੋਰਟ ਸਿਰਫ 2.5 ਲੱਖ ਟਨ ਕੀਤੀ ਹੈ। ਇਸੇ ਤੋਂ ਯੂਰੀਆ ਚੋਰੀ ਦਾ ਸ਼ੱਕ ਪਿਆ ਅਤੇ ਫਲਾਇੰਗ ਸਕੁਐਡ ਬਣਾ ਕੇ ਛਾਪੇਮਾਰੀ ਅਤੇ ਜਾਂਚ ਸ਼ੁਰੂ ਕੀਤੀ ਸੀ। ਪ੍ਰਤੀ ਬੋਰੀ ਯੂਰੀਆ ਦੀ ਕੀਮਤ 2500 ਰੁਪਏ ਬਣਦੀ ਹੈ, ਜਿਹੜੀ ਕਿਸਾਨਾਂ ਨੂੰ ਸਿਰਫ 266 ਰੁਪਏ ਵਿੱਚ ਦਿੱਤੀ ਜਾਂਦੀ ਹੈ ਅਤੇ ਉਦਯੋਗਾਂ ਵਾਲੇ ਕਿਸਾਨਾਂ ਵਾਲੀ ਸਸਤੀ ਯੂਰੀਆ ਚੋਰੀ ਕਰ ਕੇ ਵਰਤ ਲੈਂਦੇ ਹਨ।

## ਡੀ ਐਮ ਕੇ ਆਗੂ ਮੁਤਾਬ ਕਹਿੰਦੀ ਤਾਮਿਲਾਂ ਨੂੰ 'ਸ਼ੂਦਰ' ਬਣਾ ਦੇਵੇਗੀ

ਚੇਨਈ, 7 ਜੂਨ (ਪੋਸਟ ਬਿਊਰੋ)- ਡੀ ਐਮ ਕੇ ਪਾਰਟੀ ਦੇ ਆਗੂ ਅਤੇ ਰਾਜ ਸਭ ਮੈਂਬਰ ਟੀ ਕੇ ਐਸ ਐਲਨਗੋਵਨ ਨੇ ਆਪਣੇ ਇੱਕ ਵਿਵਾਦਤ ਬਿਆਨ ਵਿੱਚ ਕਿਹਾ ਹੈ ਕਿ ਹਿੰਦੀ ਤਾਮਿਲਾਂ ਦਾ ਦਰਜਾ ਘਟਾ ਕੇ 'ਸ਼ੂਦਰ' ਕਰ ਦੇਵੇਗੀ ਤੇ ਹਿੰਦੀ ਭਾਸ਼ਾ ਵਾਲੇ ਰਾਜ ਸਾਡੇ ਦੇਸ਼ ਦੇ ਵਿਕਸਤ ਪ੍ਰਦੇਸ਼ ਨਹੀਂ ਹਨ, ਜਦਕਿ ਜਿਨ੍ਹਾਂ ਰਾਜਾਂ ਦੀ ਮਾਤ ਭਾਸ਼ਾ ਸਥਾਨਕ ਭਾਸ਼ਾ ਹੈ, ਉਹ ਚੰਗਾ ਪ੍ਰਦਰਸ਼ਨ ਕਰ ਰਹੇ ਹਨ।ਐਲਨਗੋਵਨ ਨੇ ਪਿੱਛੇ ਜਿਹੇ ਭਾਸ਼ਾ ਥੋਪਣ ਵਿਰੁੱਧ ਦ੍ਰਾਵਿੜ ਕਝਗਮ ਵੱਲੋਂ ਕਰਵਾਈ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ''ਹਿੰਦੀ ਨੂੰ ਲੱਦ ਕੇ ਮਨੂਵਾਦੀ ਵਿਚਾਰ ਥੋਪਣ'' ਦੀ ਕੋਸ਼ਿਸ਼ ਹੋ ਰਹੀ ਹੈ।

ਐਲਨਗੋਵਨ ਦੀ ਇਹ ਟਿੱਪਣੀ ਵਾਇਰਲ ਹੋ ਗਈ ਹੈ। ਉਨ੍ਹਾਂ ਨੇ ਹਿੰਦੀ ਦੀ ਪੈਰਵੀ ਕਰਨ ਲਈ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਵੀ ਆਲੋਚਨਾ ਕੀਤੀ। ਉਨ੍ਹਾਂ ਕਿਹਾ,''ਹਿੰਦੀ ਕੀ ਕਰੇਗੀ? ਸਿਰਫ਼ ਸਾਨੂੰ ਸ਼ੂਦਰ ਬਣਾਏਗੀ। ਇਹ ਸਾਨੂੰ ਫ਼ਾਇਦਾ ਨਹੀਂ ਦੇਵੇਗੀ।'' ਉਨ੍ਹਾਂ ਕਿਹਾ ਕਿ ਵਰਣ ਵਿਵਸਥਾ ਵਿੱਚ 'ਸ਼ੂਦਰ' ਸ਼ਬਦ ਦੀ ਵਰਤੋਂ ਸਭ ਤੋਂ ਹੇਠਲੇ ਵਰਣ ਲਈ ਕੀਤੀ ਜਾਂਦੀ ਹੈ।ਐਲਨਗੋਵਨ ਨੇ ਪੁੱਛਿਆ ਕਿ ਗ਼ੈਰ ਹਿੰਦੀ ਭਾਸ਼ਾ ਵਾਲੇ ਪੱਛਮੀ ਬੰਗਾਲ, ਓਡਿਸ਼ਾ, ਆਂਧਰਾ ਪ੍ਰਦੇਸ਼, ਤੇਲੰਗਾਨਾ, ਤਾਮਿਲਨਾਡੂ, ਕੇਰਲ, ਕਰਨਾਟਕ, ਮਹਾਰਾਸ਼ਟਰ ਅਤੇ ਗੁਜਰਾਤ ਵਿਕਸਤ ਰਾਜ ਹਨ ਜਾਂ ਨਹੀਂ? ਉਨ੍ਹਾਂ ਕਿਹਾ,''ਮੈਂ ਇਸ ਲਈ ਪੁੱਛਦਾ ਹਾਂ, ਕਿਉਂਕਿ ਜਿਨ੍ਹਾਂ ਰਾਜਾਂ ਦੀ ਮਾਤ ਭਾਸ਼ਾ ਹਿੰਦੀ ਨਹੀਂ ਹੈ। ਗ਼ੈਰ ਵਿਕਸਤ ਰਾਜ (ਹਿੰਦੀ ਭਾਸ਼ਾ ਵਾਲੇ) ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼, ਬਿਹਾਰ, ਰਾਜਸਥਾਨ ਅਤੇ ਉੱਤਰਾਖੰਡ ਹਨ। ਮੈਂ ਹਿੰਦੀ ਕਿਉਂ ਸਿੱਖਾਂ?''

## ਕਰੋੜਾਂ ਰੁਪਏ ਦੀ ਵਿਦੇਸ਼ੀ ਕਰੰਸੀ ਸਮੇਤ ਸ੍ਰੀਲੰਕਾ ਹਵਾਈ ਅੱਡੇ ਉੱਤੇ ਭਾਰਤੀ ਵਪਾਰੀ ਗ੍ਰਿਫ਼ਤਾਰ



ਕੋਲੰਬੋ, 7 ਜੂਨ (ਪੋਸਟ ਬਿਊਰੋ)- ਸ੍ਰੀਲੰਕਾ ਦੇ ਇੱਕ ਅੰਤਰਰਾਸ਼ਟਰੀ ਹਵਾਈ ਅੱਡੇ ਉੱਤੇ ਇੱਕ 45 ਸਾਲਾ ਭਾਰਤੀ ਵਪਾਰੀ ਨੂੰ ਚਾਰ ਕਰੋੜ ਰੁਪਏ ਤੋਂ ਵੱਧ ਵਿਦੇਸ਼ੀ ਕਰੰਸੀ ਦੀ ਦੇਸ਼ ਤੋਂ ਬਾਹਰ ਤਸਕਰੀ ਕਰਨ ਦੀ ਕੋਸ਼ਿਸ਼ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਡੇਲੀ ਮਿਰਰ ਲੰਕਾ ਨੇ ਦੱਸਿਆ ਕਿ ਇਹ ਵਿਅਕਤੀ, ਜਿਸ ਦੀ ਪਛਾਣ ਨਹੀਂ ਦੱਸੀ ਗਈ, ਨੂੰ ਕੱਲ੍ਹ ਭੰਡਾਰਨਾਇਕੇ ਅੰਤਰਰਾਸ਼ਟਰੀ ਹਵਾਈ ਅੱਡੇ (ਬੀ ਆਈ ਏ) ਤੋਂ ਸੁਰੱਖਿਆ ਅਧਿਕਾਰੀਆਂ ਨੇ ਗ੍ਰਿਫ਼ਤਾਰ ਕੀਤਾ ਹੈ। ਉਹ ਕਾਰੋਬਾਰ ਦੇ ਸਿਲਸਿਲੇ ਵਿੱਚ ਸ੍ਰੀਲੰਕਾ ਆਇਆ ਸੀ।

ਰਿਪੋਰਟ ਵਿੱਚ ਦੱਸਿਆ ਗਿਆ ਕਿ ਉਸਦੇ ਸੂਟਕੇਸ ਦੀ ਤਲਾਸ਼ੀ ਵਿੱਚ ਸੁਰੱਖਿਆ ਅਧਿਕਾਰੀਆਂ ਨੂੰ 117,000 ਕੈਨੇਡੀਅਨ ਡਾਲਰ ਅਤੇ 19,000 ਯੂਰੋ ਮਿਲੇ ਹਨ, ਜਿਨ੍ਹਾਂ ਦੀ ਕੀਮਤ 40 ਮਿਲੀਅਨ ਰੁਪਏ ਤੋਂ ਵੱਧ ਹੈ। ਯਾਤਰੀ ਦੇ ਸ਼ੱਕੀ ਵਿਹਾਰ ਤੋਂ ਬਾਅਦ ਸੁਰੱਖਿਆ ਅਧਿਕਾਰੀਆਂ ਨੇ ਉਸ ਦੇ ਸਾਮਾਨ ਦੀ ਜਾਂਚ ਕੀਤੀ। ਡੇਲੀ ਨਿਊਜ਼ ਲੰਕਾ ਨੇ ਰਿਪੋਰਟ ਕੀਤੀ ਕਿ ਅਧਿਕਾਰੀਆਂ ਨੇ ਦੇਖਿਆ ਕਿ ਯਾਤਰੀ ਥੋੜ੍ਹੇ ਸਮੇਂ ਵਿੱਚ ਹੀ ਕਈ ਵਾਰ ਹਵਾਈ ਅੱਡੇ ਦੇ ਡਿਪਾਰਚਰ ਪੈਸੇਂਜਰ ਟਰਮੀਨਲ ਦੇ ਟਾਇਲਟ ਵਿੱਚ ਜਾ ਰਿਹਾ ਸੀ। ਉਸ ਨੇ ਚੇਨਈ ਜਾਣ ਵਾਲੀ ਇੰਡੀਗੋ ਫਲਾਈਟ ਵਿੱਚ ਸਵਾਰ ਹੋਣਾ ਸੀ। ਯਾਤਰੀ ਅਤੇ ਉਸਦੀ ਵਿਦੇਸ਼ੀ ਕਰੰਸੀ ਦੀ ਖੇਪ ਨੂੰ ਅਗਲੇਰੀ ਜਾਂਚ ਲਈ ਕਾਟੂਨਾਇਕ ਹਵਾਈ ਅੱਡੇ ਉੱਤੇ ਕਸਟਮ ਅਧਿਕਾਰੀਆਂ ਨੂੰ ਸੌਂਪ ਦਿੱਤਾ ਗਿਆ। ਵਿਦੇਸ਼ੀ ਕਰੰਸੀ ਜ਼ਬਤ ਕਰ ਲਈ ਗਈ ਜਦਕਿ ਯਾਤਰੀ ਨੂੰ 10,000 ਰੁਪਏ ਦਾ ਜੁਰਮਾਨਾ ਅਦਾ ਕਰਨ ਦਾ ਹੁਕਮ ਦਿੱਤਾ ਗਿਆ।

## 'ਚੱਡੀ' ਨੂੰ ਲੈ ਕੇ ਕਰਨਾਟਕ ਦੀ ਭਾਜਪਾ ਤੇ ਕਾਂਗਰਸ ਵਿੱਚ ਜੰਗ ਛਿੜੀ

ਬੇਂਗਲੁਰੂ, 7 ਜੂਨ (ਪੋਸਟ ਬਿਊਰੋ)- ਦੱਖਣੀ ਭਾਰਤ ਦੇ ਰਾਜ ਕਰਨਾਟਕ ਵਿੱਚ ਹੁਕਮਰਾਨ ਧਿਰ ਭਾਜਪਾ ਅਤੇ ਵਿਰੋਧੀ ਧਿਰ ਕਾਂਗਰਸ ਦੀ 'ਜੰਗ' ਇਸ ਸਮੇਂ'ਚੱਡੀ' (ਅੰਡਰਵੀਅਰ) ਉੱਤੇ ਕੇਂਦਰਤ ਹੋ ਗਈ ਹੈ।

ਇਹ ਮਾਮਲਾ ਉਦੋਂ ਸ਼ੁਰੂ ਹੋਇਆ, ਜਦੋਂ ਕਾਂਗਰਸ ਦੇ ਵਿਦਿਆਰਥੀ ਵਿੰਗ ਐਨ ਐਸ ਯੂ ਆਈ ਦੇ ਮੈਂਬਰਾਂ ਨੇ ਪਿਛਲੇ ਹਫ਼ਤੇ ਕਰਨਾਟਕਾ ਦੇ ਸਿੱਖਿਆ ਮੰਤਰੀ ਬੀ ਸੀ ਨਾਗੇਸ਼ ਦੇ ਘਰ ਅੱਗੇ ਖਾਕੀ ਨਿਕਰ ਸਾੜੀ ਅਤੇ ਸਕੂਲੀ ਪੁਸਤਕਾਂ ਦੇ ਭਗਵਾਂਕਰਨ ਦੇ ਖਿਲਾਫ ਵਿਰੋਧ ਪ੍ਰਗਟ ਕੀਤਾ। ਇਸ ਦੇ ਵਿਰੋਧ ਵਿੱਚ ਭਾਜਪਾ ਅਤੇ ਸੰਘ ਵਰਕਰਾਂ ਨੇ ਲੋਕਾਂ ਦੇ ਘਰਾਂ ਤੋਂ ਚੱਡੀਆਂ ਅਤੇ ਨਿਕਰਾਂ ਇਕੱਠੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਉਨ੍ਹਾਂ ਨੂੰ ਬੇਂਗਲੁਰੂ ਵਿੱਚ ਕਰਨਾਟਕ ਕਾਂਗਰਸ ਦੇ ਮੁੱਖ ਦਫ਼ਤਰ ਭੇਜਣਾ ਸ਼ੁਰੂ ਕਰ ਦਿੱਤਾ ਤਾਂਕਿ ਉਨ੍ਹਾਂ ਨੂੰ ਵਿਰੋਧੀ ਨੇਤਾ ਸਿਧਾਰਮਈਆ ਨੂੰ ਸੌਂਪਿਆ ਜਾ ਸਕੇ।ਇਸ ਦੇ ਇਲਾਵਾ ਭਾਜਪਾ ਨੇ ਇਸ ਕੇਸ ਬਾਰੇ ਪੁਲਸ ਵਿੱਚ ਸ਼ਿਕਾਇਤ ਦੇ ਕੇ ਕਿਹਾ ਕਿ ਐਨ ਐਸ ਯੂ ਆਈ ਵਰਕਟਾਂ ਨੇ ਮੰਤਰੀ ਦਾ ਘਰ ਸਾੜਨ ਦਾ ਯਤਨ ਕੀਤਾ ਹੈ। ਇਸ ਦੇ ਬਾਅਦ ਕਾਂਗਰਸ ਨੇ ਆਪਣੇ ਵਿਰੋਧ ਪ੍ਰਦਰਸ਼ਨ ਤੇ 'ਨਿਕਰ ਸਾੜੋ ਮੁਹਿੰਮ' ਨੂੰ ਹੋਰ ਤੇਜ਼ ਕਰਨ ਦਾ ਫੈਸਲਾ ਕੀਤਾ। ਕਰਨਾਟਕ ਵਿੱਚ ਵਿਰੋਧੀ ਕਾਂਗਰਸ ਭਗਵਾਂਕਰਨ ਦਾ ਵਿਰੋਧ ਕਰਨ ਲਈ ਖਾਕੀ ਨਿਕਰਾਂ ਸਾੜ ਰਹੀ ਹੈ, ਜਿਸ ਦਾ ਮੁਕਾਬਲਾ ਕਰਨ ਲਈ ਰਾਸ਼ਟਰੀ ਸਵੈਸੇਵਕ ਸੰਘ (ਆਰ ਐਸ ਐਸ) ਅਤੇ ਭਾਜਪਾ ਦੇ ਵਰਕਰਾਂ ਨੇ ਘਰਾਂ ਤੋਂ ਚੱਡੀਆਂ, ਅੰਡਰਪੈਂਟ ਅਤੇ ਨਿਕਰਾਂ ਇਕੱਠੀਆਂ ਕਰਕੇ ਬੇਂਗਲੁਰੂ ਦੇ ਕਾਂਗਰਸ ਮੁੱਖ ਦਫ਼ਤਰ ਵਿੱਚ ਭੇਜਣੀ ਸ਼ੁਰੂ ਕਰ ਦਿੱਤੀਆਂ ਹਨ। ਚੱਡੀਆਂ ਖ਼ਾਸ ਤੌਰ ਉੱਤੇਵਿਰੋਧੀ ਧਿਰ ਦੇ ਨੇਤਾ ਸਿਧਾਰਮਈਆ ਨੂੰ ਭੇਜੀਆਂ ਗਈਆਂ।

ਕਰਨਾਟਕ ਦੇ ਮਾਂਡਿਆ ਜ਼ਿਲ੍ਹੇ ਦੇ ਆਰ ਐਸ ਐਸ ਵਰਕਰਾਂ ਨੇ ਸਿਧਾਰਾਮਈਆ ਵੱਲੋਂਪ੍ਰਰੇ ਰਾਜ ਵਿੱਚ ਖਾਕੀ ਨਿਕਰ ਸਾੜਨ ਦੇ ਸੱਦੇ ਦੀ ਨਿੰਦਾ ਕਰਦੇ ਹੋਏ ਉਨ੍ਹਾਂ ਨੇ ਚੱਡੀਆਂ ਦਾ ਇੱਕ ਪਾਰਸਲ ਭੇਜਿਆ ਅਤੇ ਦਾਅਵਾ ਕੀਤਾ ਹੈ ਕਿ ਇੰਨੀਆਂ ਨਿਕਰਾਂ ਭੇਜੀਆਂ ਜਾਣਗੀਆਂ ਕਿ ਵਿਰੋਧੀ ਨੇਤਾ ਏਨੀਆਂ ਖਾਕੀ ਨਿਕਰਾਂ ਨਹੀਂ ਸਾੜ ਸਕਣਗੇ।

# ਹਾਰਦਿਕ ਪਟੇਲ ਦੇ ਬਿਆਨ ਉਤੇ ਪਾਟੀਦਾਰਾਂ ਵਿੱਚ ਸਖ਼ਤ ਨਾਰਾਜ਼ਗੀ

* ਅੰਦੋਲਨ ਦੌਰਾਨ ਭੰਨਤੋੜ ਲਈ ਸ਼ਰਾਰਤੀਆਂ ਨੂੰ ਜ਼ਿੰਮੇਵਾਰ ਦੱਸਿਆ



ਅਹਿਮਦਾਬਾਦ, 7 ਜੂਨ (ਪੋਸਟ ਬਿਊਰੋ)- ਕਾਂਗਰਸ ਪਾਰਟੀ ਨੂੰ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਣ ਮਗਰੋਂ ਹਾਰਦਿਕ ਪਟੇਲ ਨੇ ਰਾਖਵਾਂਕਰਨ ਅੰਦੋਲਨ ਦੌਰਾਨ ਹੋਈ ਭੰਨਤੋੜ ਅਤੇ ਅੱਗਜ਼ਨੀ ਲਈ ਸ਼ਰਾਰਤੀ ਅਨਸਰਾਂ ਨੂੰ ਜ਼ਿੰਮੇਵਾਰ ਦੱਸਿਆ ਸੀ। ਇਸ ਬਾਰੇ ਨਰੇਸ਼ ਪਟੇਲ ਅਤੇ ਹੋਰਨਾਂ ਪਾਟੀਦਾਰ ਨੇਤਾਵਾਂ ਨੇ ਨਾਰਾਜ਼ਗੀ ਪ੍ਰਗਟਾਈ ਹੈ।

ਵਰਨਣ ਯੋਗ ਹੈ ਕਿ ਹਾਰਦਿਕ ਪਟੇਲ ਨੇ ਸਰਦਾਰ ਪਟੇਲ ਗਰੁੱਪ (ਐਸ ਪੀ ਜੀ) ਤੋਂ ਸਮਾਜ ਸੇਵਾ ਦੀ ਸ਼ੁਰੂਆਤ ਕਰਨ ਦੇ ਨਾਲ ਪਾਟੀਦਾਰ ਰਾਖਵਾਂਕਰਨ ਅੰਦੋਲਨ ਕਮੇਟੀ ਬਣਾ ਕੇ ਅੰਦੋਲਨ ਛੇੜਿਆ ਸੀ। ਉਸ ਦੇ ਤਾਜ਼ਾ ਬਿਆਨ ਉੱਤੇ ਐਸ ਪੀ ਜੀ ਅਤੇ ਰਾਖਵਾਂਕਰਨ ਅੰਦੋਲਨ ਕਮੇਟੀ ਨੇ ਨਾਰਾਜ਼ਗੀ ਪ੍ਰਗਟਾਈ ਹੈ। ਐਸ ਪੀ ਜੀ ਦੇ ਪ੍ਰਧਾਨ ਲਾਲਜੀ ਪਟੇਲ ਨੇ ਆਗਾਮੀ ਵਿਧਾਨ ਸਭਾ ਚੋਣਾਂ ਵਿੱਚ ਹਾਰਦਿਕ ਖਿਲਾਫ ਪ੍ਰਚਾਰ ਦਾ ਐਲਾਨ ਕੀਤਾ ਹੈ। ਅੰਦੋਲਨ ਕਮੇਟੀ ਦੇ ਆਗੂਆਂ ਨੇ ਵੀ ਹਾਰਦਿਕ ਪਟੇਲ ਉੱਤੇ ਤਿੱਖੇ ਹਮਲੇ ਕੀਤੇ ਹਨ ਅਤੇ ਪਾਟੀਦਾਰ ਨੇਤਾ ਅਤੇ ਐਨ ਸੀ ਪੀ ਮਹਿਲਾ ਵਿੰਗ ਦੀ ਪ੍ਰਧਾਨ ਰੇਸ਼ਮਾ ਪਟੇਲ, ਅਤੁਲ ਪਟੇਲ ਆਦਿ ਨੇ ਕਿਹਾ ਕਿ ਹਾਰਦਿਕ ਨੇ ਅੰਦੋਲਨ ਦਾ ਸਾਥ ਦੇਣ ਵਾਲੇ ਨੌਜਵਾਨਾਂ ਨੂੰ ਸ਼ਰਾਰਤੀ ਅਨਸਰ ਕਹਿ ਕੇ ਉਨ੍ਹਾਂ ਦਾ ਅਪਮਾਨ ਕੀਤਾ ਅਤੇ ਆਪਣੇ ਸਮਾਜ ਨਾਲ ਧੋਖਾ ਕੀਤਾ ਹੈ।

ਹਾਰਦਿਕ ਪਟੇਲ ਦੇ ਭਾਜਪਾ ਵਿੱਚ ਸ਼ਾਮਲ ਹੋਣ ਉੱਤੇਸਵਾਗਤ ਵਾਸਤੇ ਲੱਗੇ ਹੋਰਡਿੰਗਾਂ ਨੂੰ ਕਈ ਥਾਂ ਪਾੜ ਦਿੱਤਾ ਗਿਆ ਤੇ ਉਨ੍ਹਾਂ ਦੇ ਨਾਂ ਅਤੇ ਫੋਟੋ ਉੱਤੇ ਸਿਆਹੀ ਮਲ ਦਿੱਤੀ ਗਈ ਸੀ। ਖੋਡਲਧਾਮ ਦੇ ਟਰੱਸਟੀ ਨਰੇਸ਼ ਪਟੇਲ ਨੇ ਕਿਹਾ ਹੈ ਕਿ ਹਾਰਦਿਕ ਪਟੇਲ ਦਾ ਬਿਆਨ ਗੈਰ-ਜ਼ਿੰਮੇਵਾਰਾਨਾ ਹੈ ਤੇ ਇਸ ਸਮਾਜ ਦੇ ਨੌਜਵਾਨਾਂ ਨੂੰ ਸ਼ਰਾਰਤੀ ਅਨਸਰ ਕਹਿਣਾ ਗਲਤ ਹੈ। ਬੀਤੇ ਐਤਵਾਰ ਨੂੰ ਨਰੇਸ਼ ਪਟੇਲ ਰਾਜਕੋਟ ਵਿੱਚ ਪ੍ਰਦੇਸ਼ ਭਾਜਪਾ ਪ੍ਰਧਾਨ ਸੀ ਆਰ ਪਾਟਿਲ ਨਾਲ ਇੱਕ ਮੰਚ ਉੱਤੇ ਸਨ ਅਤੇ ਕਿਹਾ ਜਾ ਰਿਹਾ ਹੈ ਕਿ ਉਨ੍ਹਾਂ ਸਿਆਸਤ ਵਿੱਚ ਆਉਣ ਦਾ ਇਰਾਦਾ ਹਾਲੇ ਛੱਡ ਦਿੱਤਾ ਹੈ।

# ਖੇਤੀ ਲਈ ਪਾਣੀ ਦੀ ਵੱਧ ਵਰਤੋਂ ਦੇ ਕਾਰਨ ਕੈਲੀਫੋਰਨੀਆ ਸੋਕੇ ਕੰਢੇ ਪੁੱਜਾ



ਸੈਕਰਾਮੈਂਟੋ, 7 ਜੂਨ (ਪੋਸਟ ਬਿਊਰੋ)- ਧਰਤੀ ਉੱਤੇ ਪਾਣੀ ਦਾ ਸੰਕਟ ਕਿੰਨੀ ਤੇਜ਼ ਰਫ਼ਤਾਰ ਨਾਲ ਤੇ ਕਿਸ-ਕਿਸ ਰੂਪ ਵਿੱਚ ਵਧਦਾ ਜਾ ਰਿਹਾ ਹੈ, ਇਸਦੀ ਤਾਜ਼ਾ ਮਿਸਾਲ ਅਮਰੀਕਾ ਦੇ ਕੈਲੀਫੋਰਨੀਆ ਵਿੱਚ ਮਿਲੀ ਹੈ।

ਅਮਰੀਕਾ ਦੇ ਕਿਸਾਨਾਂ ਨੂੰ ਪਾਣੀ ਦਾ ਅਧਿਕਾਰ ਮਿਲਿਆ ਹੋਇਆ ਹੈ ਜਿਸ ਦੀ ਵਰਤੋਂ ਨਾਲਉਹ ਆਪਣੀ ਫਸਲ ਉਗਾਉਣ ਲਈ ਨਦੀਆਂ ਅਤੇ ਨਾਲਿਆਂ ਤੋਂ ਜਿੰਨੀ ਲੋੜ ਹੋਵੇ, ਓਨਾ ਪਾਣੀ ਵਰਤ ਸਕਦੇ ਹਨ। ਇਸੇ ਅਧਿਕਾਰ ਦੇ ਜ਼ੋਰ ਉੱਤੇ ਕੈਲੀਫੋਰਨੀਆ ਸੂਬੇ ਦੇ ਕਿਸਾਨਾਂ ਨੇ ਸੈਂਟਰਲ ਵੈਲੀ ਨੂੰ ਅਮਰੀਕਾ ਨੂੰ ਖੇਤੀ ਦਾ ਗੜ੍ਹ ਬਣਾ ਦਿੱਤਾ ਹੈ, ਜਿੱਥੋਂ ਦੇਸ਼ ਲਈ ਜ਼ਿਆਦਾਤਰ ਫਲ, ਮੇਵੇ ਤੇ ਸਬਜ਼ੀਆਂ ਸਪਲਾਈ ਹੁੰਦੀਆਂ ਹਨ। ਇਸ ਖ਼ੁਸ਼ਹਾਲੀ ਦਾ ਇੱਕ ਦੂਸਰਾ ਪਹਿਲੂ ਇਹ ਹੈ ਕਿ ਕਿਸਾਨਾਂ ਦੇ ਅੰਨ੍ਹੇਵਾਹ ਪਾਣੀ ਦੀ ਵਰਤੋਂ ਕਾਰਨ ਕੈਲੀਫੋਰਨੀਆ ਪਿਛਲੇ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਸੋਕੇ ਦੀ ਲਪੇਟ ਵਿੱਚ ਹੈ ਤੇ ਨਦੀ-ਨਾਲਿਆਂ ਵਿੱਚ ਪਾਣੀ ਦੀ ਕਮੀ ਨਾਲ ਮੱਛੀਆਂ ਉੱਤੇ ਜੀਵਨ ਸੰਕਟ ਆ ਗਿਆ ਹੈ। ਅੰਕੜਿਆਂ ਮੁਤਾਬਕ ਸੂਬੇ ਦੇ ਲਗਭਗ 98 ਫੀਸਦੀ ਹਿੱਸੇ ਵਿੱਚ ਗੰਭੀਰ ਸੋਕੇ ਦੀ ਸਥਿਤੀ ਹੈ।

ਕੈਲੀਫੋਰਨੀਆ ਵਿੱਚ ਕਿਸਾਨ ਨਦੀਆਂ ਤੇ ਪਾਣੀ ਦੇ ਸੋਮਿਆਂ ਤੋਂ ਕਿੰਨਾ ਪਾਣੀ ਲੈ ਸਕਦੇ ਹਨ, ਇਸ ਗੱਲ ਸਬੰਧੀ ਦਹਾਕਿਆਂ ਤੋਂ ਕਾਨੂੰਨੀ ਲੜਾਈ ਜਾਰੀ ਹੈ। ਇਸ ਪਿਛੋਕੜ ਵਿੱਚ ਕਾਨੂੰਨੀ ਗੇੜ ਤੋਂ ਨਿਕਲਣ ਲਈ ਕੈਲੀਫੋਰਨੀਆ ਵਿੱਚ ਪਾਰਲੀਮੈਂਟ ਮੈਂਬਰਾਂ ਨੇ ਕਿਸਾਨਾਂ ਤੋਂ ਪਾਣੀ ਦੇ ਅਧਿਕਾਰ ਲੈਣ ਦਾ ਮਤਾ ਪੇਸ਼ ਕੀਤਾ ਹੈ। ਮਤੇ ਮੁਤਾਬਕ ਸੀਨੇਟ ਪਾਣੀ ਦੇ ਅਧਿਕਾਰ ਖਰੀਦਣ ਲਈ 1.5 ਅਰਬ ਡਾਲਰ ਤਕ ਖ਼ਰਚ ਕਰੇਗੀ। ਇਸ ਤੋਂ ਬਾਅਦ ਸੂਬੇ ਦੇ ਅਧਿਕਾਰੀਆਂ ਨੂੰ ਅਧਿਕਾਰ ਹੋਵੇਗਾ ਕਿ ਉਹ ਮੱਛੀਆਂ ਦੀਆਂ ਖ਼ਤਮ ਹੁੰਦੀਆਂ ਨਸਲਾਂ ਬਚਾਉਣ ਲਈ ਨਦੀਆਂ ਵਿੱਚ ਲੋੜ ਜੋਗਾ ਪਾਣੀ ਬਚਿਆ ਰਹਿਣ ਦੇਣ। ਇੱਕ ਹੋਰ ਮਤਾ ਇਹ ਹੈ ਕਿ ਪਾਣੀ ਬਚਾਉਣ ਲਈ ਜੇ ਕਿਸਾਨ ਘੱਟ ਫਸਲ ਉਗਾਉਣ ਲਈ ਤਿਆਰ ਹੋਣਗੇ ਤਾਂ ਉਨ੍ਹਾਂ ਨੂੰ ਪੈਸੇ ਦਿੱਤੇ ਜਾਣਗੇ। ਇਸ ਬਾਰੇ ਬਹਿਸ ਚੱਲ ਰਹੀ ਹੈ।

## ਮਨੀ ਲਾਂਡਰਿੰਗ ਮਾਮਲੇ ਵਿਚ ਈ ਡੀ ਵੱਲੋਂ ਦਿੱਲੀ ਦੇ ਮੰਤਰੀ ਜੈਨ ਦੀ ਰਿਹਾਇਸ਼ ਤੇ ਹੋਰ ਟਿਕਾਣਿਆਂ ਉਤੇ ਛਾਪੇ

ਨਵੀਂ ਦਿੱਲੀ, 7 ਜੂਨ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਹਵਾਲਾ ਲੈਣ-ਦੇਣ ਬਾਰੇ ਮਨੀ ਲਾਂਡਰਿੰਗ ਕੇਸ ਦੀ ਜਾਂਚ ਨਾਲ ਜੁੜੀ ਜਾਂਚ ਦੌਰਾਨ ਗ੍ਰਿਫ਼ਤਾਰ ਦਿੱਲੀ ਦੇ ਸਿਹਤ ਮੰਤਰੀ ਸਤੇਂਦਰ ਜੈਨ ਦੇ ਕਈ ਅੱਡਿਆਂ ਉੱਤੇ ਕੱਲ੍ਹ ਛਾਪੇ ਮਾਰੇ। ਅਧਿਕਾਰੀਆਂ ਨੇ ਕਿਹਾ ਕਿ ਇਹ ਛਾਪੇ ਸਤੇਂਦਰ ਜੈਨ ਦੇ ਦਿੱਲੀ ਵਿਚਲੇ ਰਿਹਾਇਸ਼ੀ ਟਿਕਾਣਿਆਂ ਸਣੇ ਹੋਰ ਥਾਵਾਂ ਉੱਤੇ ਮਾਰੇ ਗਏ ਹਨ ਅਤੇ ਇਹ ਦਰਜ ਕੀਤੇ ਗਏ ਕੇਸ ਦੀ ਜਾਂਚ ਦਾ ਹਿੱਸਾ ਹਨ।

ਵਰਨਣ ਯੋਗ ਹੈ ਕਿ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਜੈਨ (57) ਨੂੰ ਪ੍ਰੀਵੈਂਸ਼ਨ ਆਫ ਮਨੀ ਲਾਂਡਰਿੰਗ ਐਕਟ (ਪੀ ਐਮ ਐਲ ਏ) ਦੀਆਂ ਧਾਰਾਵਾਂ ਹੇਠ ਤੀਹ ਮਈ ਨੂੰ ਗ੍ਰਿਫ਼ਤਾਰ ਕੀਤਾ ਸੀ ਤੇ ਉਹ ਨੌਂ ਜੂਨ ਤਕ ਕੇਂਦਰੀ ਜਾਂਚ ਏਜੰਸੀ ਦੀ ਹਿਰਾਸਤ ਵਿੱਚ ਹੈ। ਮਿਲੀ ਜਾਣਕਾਰੀ ਅਨੁਸਾਰ ਏਜੰਸੀ ਨੂੰ ਜੈਨ ਤੇ ਕੁਝ ਹਵਾਲਾ ਆਪਰੇਟਰਾਂ ਤੋਂ ਪਿਛਲੇ ਕੁਝ ਦਿਨਾਂ ਵਿੱਚ ਕੀਤੀ ਪੁੱਛਗਿੱਛਵਿੱਚ ਨਵੇਂ ਸਬੂਤ ਮਿਲੇ ਹਨ। ਅਧਿਕਾਰੀਆਂ ਮੁਤਾਬਕ ਨਵੀਂ ਜਾਣਕਾਰੀ ਦੇ ਵੇਰਵੇ ਇਕੱਠੇ ਕਰਨ ਲਈ ਛਾਪੇ ਮਾਰੇ ਗਏ ਹਨ। ਸਤੇਂਦਰ ਜੈਨ ਦਿੱਲੀ ਸਰਕਾਰ ਵਿੱਚ ਮੌਜੂਦਾ ਮੰਤਰੀ ਹਨ, ਪਰ ਉਨ੍ਹਾਂ ਕੋਲ ਜਿਹੜੇ ਅੱਧੀ ਦਰਜਨ ਤੋਂ ਵੱਧ ਮਹਿਕਮੇ ਹਨ, ਉਹ ਦੋ ਜੂਨ ਨੂੰ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਤਬਦੀਲ ਕਰ ਦਿੱਤੇ ਗਏ ਸਨ।ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਜੈਨ ਦਾ ਬਚਾਅ ਕਰਦਿਆਂ ਉਨ੍ਹਾਂ ਨੂੰ ਸਿਰੇ ਦਾ ਇਮਾਨਦਾਰ ਅਤੇ ਦੇਸ਼ਭਗਤ ਕਿਹਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਜੈਨ ਨੂੰ ਝੂਠੇ ਕੇਸ ਵਿੱਚ ਫਸਾਇਆ ਗਿਆ ਹੈ ਤੇ ਉਨ੍ਹਾਂ ਆਸ ਪ੍ਰਗਟਾਈ ਕਿ ਮੰਤਰੀ ਜੈਨ ਈ ਡੀ ਦੀ ਜਾਂਚ ਵਿੱਚ ਪਾਕ ਸਾਫ ਹੋ ਕੇ ਨਿਕਲੇਗਾ। ਇਸ ਤੋਂ ਪਹਿਲਾਂ ਅਪ੍ਰੈਲ ਵਿੱਚ ਈ ਡੀ ਨੇ ਜੈਨ ਦੇ ਪਰਵਾਰ ਤੇ ਕੰਪਨੀਆਂ ਦੇ 4.81 ਕਰੋੜ ਰੁਪਏ ਦੀ ਜਾਇਦਾਦ ਨੂੰ ਕੇਸ ਨਾਲ ਅਟੈਚ ਕਰ ਦਿੱਤਾ ਸੀ।

## ਨੂਪੁਰ ਮਾਮਲਾ, ਅਰਬ ਦੇਸ਼ਾਂ ਦੇ ਸਟੋਰਾਂ ਵਿੱਚ ਭਾਰਤੀ ਪ੍ਰਾਡਕਟ ਉੱਤੇ ਪਾਬੰਦੀ ਸ਼ੁਰੂ

ਨਵੀਂ ਦਿੱਲੀ, 7 ਜੂਨ (ਪੋਸਟ ਬਿਊਰੋ)- ਪੈਗ਼ੰਬਰ ਮੁਹੰਮਦ ਉੱਤੇ ਭਾਜਪਾ ਨੇਤਾਵਾਂ ਨੂਪੁਰ ਸ਼ਰਮਾ ਅਤੇ ਨਵੀਨ ਜਿੰਦਲ ਦੇ ਬਿਆਨਾਂ ਉੱਤੇ ਖਾੜੀ ਦੇਸ਼ਾਂ ਨੇ ਸਖ਼ਤ ਇਤਰਾਜ਼ ਕੀਤਾ ਹੈ। ਕਤਰ, ਕੁਵੈਤ ਅਤੇ ਈਰਾਨ ਨੇ ਭਾਰਤੀ ਰਾਜਦੂਤਾਂ ਨੂੰ ਤਲਬ ਕਰ ਕੇ ਆਪਣਾ ਪ੍ਰਗਟਾਇਆ ਅਤੇ ਕਤਰ ਅਤੇ ਕੁਵੈਤ ਨੇ ਇਸ ਬਿਆਨ ਉੱਤੇ ਭਾਰਤ ਸਰਕਾਰ ਤੋਂ ਮੁਆਫੀ ਮੰਗਣ ਦੀ ਮੰਗ ਕੀਤੀ ਹੈ।ਸਾਊਦੀ ਅਰਬ ਨੇ ਵੀ ਇਸ ਉੱਤੇ ਇਤਰਾਜ਼ ਕੀਤਾ ਹੈ। ਇਸ ਤੋਂ ਇਲਾਵਾ ਸਾਊਦੀ ਅਰਬ, ਕੁਵੈਤ, ਬਹਿਰੀਨ ਅਤੇ ਹੋਰ ਅਰਬ ਦੇਸ਼ਾਂ ਨੇ ਆਪਣੇ ਸੁਪਰ ਸਟੋਰਾਂ ਵਿੱਚ ਭਾਰਤੀ ਪ੍ਰਾਡਕਟ ਬੈਨ ਕਰ ਦਿੱਤੇ ਹਨ।

ਅਫ਼ਗ਼ਾਨਿਸਤਾਨ ਦੇ ਤਾਲਿਬਾਨ ਨੇ ਵੀ ਨੂਪੁਰ ਸ਼ਰਮਾ ਦੇ ਬਿਆਨ ਉੱਤੇ ਭਾਰਤ ਸਰਕਾਰ ਨੂੰ ਵਿਰੋਧ ਪ੍ਰਗਟਾਇਆ ਹੈ। ਪਾਕਿਸਤਾਨ ਵਿਚਲੇ ਭਾਰਤੀ ਦੂਤਘਰ ਦੇ ਅਧਿਕਾਰੀ ਨੂੰ ਤਲਬ ਕਰ ਕੇ ਨੂਪੁਰ ਸ਼ਰਮਾ ਦੇ ਬਿਆਨ ਉੱਤੇ ਨਾਰਾਜ਼ਗੀ ਪ੍ਰਗਟਾਈ ਗਈ ਹੈ। 57 ਮੁਸਲਿਮ ਦੇਸ਼ਾਂ ਦੇ ਇਸਲਾਮਿਕ ਸਹਿਯੋਗ ਸੰਗਠਨ ਨੇ ਵੀ ਇਸ ਦੀ ਨਿੰਦਾ ਕੀਤੀ ਅਤੇ ਸੋਸ਼ਲ ਮੀਡੀਆ ਉੱਤੇ ਪੋਸਟ ਕਰ ਕੇ ਕਿਹਾ ਕਿ ਬੀਤੇ ਦਿਨੀਂ ਭਾਰਤ ਵਿੱਚ ਮੁਸਲਮਾਨਾਂ ਖ਼ਿਲਾਫ਼ ਹਿੰਸਾ ਦੇ ਕੇਸ ਵਧੇ ਹਨ। ਉਨ੍ਹਾਂ ਕਿਹਾ ਕਿ ਭਾਰਤ ਦੇ ਕਈ ਰਾਜਾਂ ਵਿੱਚ ਵਿਦਿਅਕ ਅਦਾਰਿਆਂ ਵਿੱਚ ਮੁਸਲਿਮ ਵਿਦਿਆਰਥਣਾਂ ਦੇ ਹਿਜਾਬ ਉੱਤੇ ਪਾਬੰਦੀ ਦੇ ਨਾਲ ਮੁਸਲਮਾਨਾਂ ਉੱਤੇ ਪਾਬੰਦੀਆਂ ਲਾਈਆਂ ਜਾ ਰਹੀਆਂ ਹਨ।

ਇਸ ਦੌਰਾਨ ਦਿੱਲੀ ਪੁਲਸ ਨੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੀ ਸਾਬਕਾ ਬੁਲਾਰਾ ਨੂਪੁਰ ਸ਼ਰਮਾ ਨੂੰ ਪੈਗ਼ੰਬਰ ਮੁਹੰਮਦ ਵਿਰੁੱਧ ਉਸ ਦੀ ਵਿਵਾਦਤ ਟਿੱਪਣੀਆਂ ਲਈ ਧਮਕੀਆਂ ਮਿਲਣ ਦੀ ਸ਼ਿਕਾਇਤ ਉੱਤੇ ਕੇਸ ਦਰਜ ਕੀਤਾ ਹੈ। ਦੂਜੇ ਪਾਸੇ ਪੈਗ਼ੰਬਰ ਮੁਹੰਮਦ ਉੱਤੇ ਵਿਵਾਦਤ ਟਿੱਪਣੀ ਬਾਰੇ ਇਸਲਾਮਿਕ ਸਹਿਯੋਗ ਸੰਗਠਨ (ਓ ਆਈ ਸੀ) ਦੇ ਬਿਆਨ ਦੀ ਭਾਰਤ ਨੇ ਸਖ਼ਤ ਨਿੰਦਾ ਕੀਤੀ ਹੈ।

# ਧਮਕੀ ਮਿਲਣ ਦੇ ਬਾਅਦ ਸਲਮਾਨ ਖਾਨ ਦੀ ਸੁਰੱਖਿਆ ਵਧਾਈ ਗਈ



ਮੁੰਬਈ, 7 ਜੂਨ (ਪੋਸਟ ਬਿਊਰੋ)- ਬਾਲੀਵੁਡ ਦੇ ਪ੍ਰਸਿੱਧ ਐਕਟਰ ਸਲਮਾਨ ਖਾਨ ਅਤੇ ਉਸ ਦੇ ਪਿਤਾ ਸਲੀਮ ਖਾਨ ਨੂੰ ਜਾਨੋਂ ਮਾਰਨ ਦੀ ਧਮਕੀ ਮਿਲਣ ਪਿੱਛੋਂ ਸਲਮਾਨ ਖਾਨ ਅਤੇ ਉਨ੍ਹਾਂ ਦੇ ਘਰ ਗਲੈਕਸੀ ਅਪਾਰਟਮੈਂਟ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ। ਕੱਲ੍ਹ ਮੁੰਬਈ ਦੇ ਸਹਾਇਕ ਪੁਲਸ ਕਮਿਸ਼ਨਰ ਵਿਸ਼ਵਾਸ ਨਾਗਰੇ ਪਾਟਿਲ ਨੇ ਸਲਮਾਨ ਦੇ ਘਰ ਦਾ ਦੌਰਾ ਕਰ ਕੇ ਉੱਥੇ ਤਾਇਨਾਤ ਪੁਲਸ ਅਧਿਕਾਰੀਆਂ ਨੂੰ ਜ਼ਰੂਰੀ ਨਿਰਦੇਸ਼ ਦਿੱਤੇ।

ਮਿਲੀ ਜਾਣਕਾਰੀ ਅਨੁਸਾਰ ਪੁਲਸ ਨੇ ਸਲੀਮ ਖਾਨ ਅਤੇ ਸਲਮਾਨ ਖਾਨ ਤੇ ਸਲੀਮ ਖਾਨ ਦੇ ਦੋ ਬਾਡੀਗਾਰਡਾਂ ਦੇ ਬਿਆਨ ਵੀ ਦਰਜ ਕੀਤੇ ਗਏ ਹਨ। ਪੁਲਸ ਕਮਿਸ਼ਨਰ ਸੰਜੇ ਪਾਂਡੇ ਨੇ ਕਿਹਾ ਕਿ ਅਸੀਂ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੇ ਹਾਂ। ਇਹ ਕਹਿਣਾ ਹਾਲੇ ਜਲਦਬਾਜ਼ੀ ਹੋਵੇਗੀ ਕਿ ਧਮਕੀ ਵਾਲਾ ਪੱਤਰ ਫਰਜ਼ੀ ਹੈ ਜਾਂ ਅਸਲੀ?ਸਲਮਾਨ ਖਾਨ ਦੇ ਪਿਤਾ ਮਸ਼ਹੂਰ ਸਕ੍ਰਿਪਟ ਰਾਈਟਰ ਸਲੀਮ ਖਾਨ ਐਤਵਾਰ ਸਵੇਰੇ ਜਦ ਬਾਂਦ੍ਰਾ ਬੈਂਡਸਟੈਂਡ ਉੱਤੇ ਸੈਰ ਲਈ ਗਏ ਤਾਂ ਓਦੋਂ ਉਨ੍ਹਾਂ ਨੂੰ ਧਮਕੀ ਪੱਤਰ ਮਿਲਿਆ ਸੀ। ਸਲੀਮ ਖਾਨ ਆਮ ਤੌਰ ਉੱਤੇ ਸਵੇਰੇ 6.30 ਵਜੇ ਆਪਣੇ ਸੁਰੱਖਿਆ ਗਾਰਡ ਨਾਲ ਬੈਂਡਸਟੈਂਡ ਉੱਤੇ ਸੈਰ ਕਰਨ ਜਾਂਦੇ ਹਨ। ਉੱਥੇ ਉਹ ਕੁਝ ਦੇਰ ਸੈਰ ਕਰਨ ਦੇ ਬਾਅਦ ਇੱਕ ਬੈਂਚ ਉੱਤੇ ਆਰਾਮ ਕਰਦੇ ਹਨ। ਐਤਵਾਰ ਨੂੰ ਜਦ ਉਹ ਉਸਬੈਂਚ ਉੱਤੇ ਬੈਠਣ ਲੱਗੇ ਤਾਂ ਉਨ੍ਹਾਂ ਨੂੰ ਇੱਕ ਛੋਟੀ ਜਿਹੀ ਚਿੱਟ ਰੱਖੀ ਮਿਲੀ। ਇਸ ਉੱਤੇ ਲਿਖਿਆ ਸੀ: ਸਲੀਮ ਖਾਨ, ਸਲਮਾਨ ਖਾਨ, ਬਹੁਤ ਜਲਦੀ ਤੁਹਾਡਾ ਹਾਲ ਮੂਸੇਵਾਲਾ ਵਰਗਾ ਹੋਵੇਗਾ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਲਕਪੁਰ ਵਿਖੇ ਵਿਸ਼ਵ ਵਾਤਾਵਰਣ ਦਿਵਸ ਮਨਾਇਆ







ਪਠਾਨਕੋਟ, 7 ਜੂਨ (ਰਾਜਿੰਦਰ ਸਿੰਘ ਰਾਜਨ) ਸਰਕਾਰੀ ਸੀਨੀਅਰ ਸਕੈਂਡਰੀ ਸਕੂਲ ਮਲਕਪੁਰ ਵਿੱਚ ਵਿਸ਼ਵ ਵਾਤਾਵਰਨ ਦਿਵਸ ਮਨਾਇਆ ਗਿਆ। ਇਸ ਮੌਕੇ ਸਾਇੰਸ ਮਾਸਟਰ ਰਜੀਵ ਸਲਾਰੀਆ ਦੀ ਅਗਵਾਈ 'ਚ ਸਕੂਲ 'ਚ ਵੱਖ ਵੱਖ ਕਿਸਮ ਦੇ ਬੂਟੇ ਲਾਏ ਗਏ ਤੇ ਬੱਚਿਆਂ ਨੂੰ ਆਪਣੇ ਆਲੇ-ਦੁਆਲੇ ਨੂੰ ਸਾਂਭਣ ਦਾ ਸੁੰਦੇਸ ਦਿੱਤਾ। ਸਮਾਗਮ ਵਿੱਚ ਡਿਪਟੀ ਡੀਈਓ ਸੈਕੰਡਰੀ ਰਾਜੇਸ਼ਵਰ ਸਲਾਰੀਆ ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ ਅਤੇ ਬੱਚਿਆਂ ਨੂੰ ਨਵੇਂ ਲਾਏ ਗਏ ਬੂਟਿਆਂ ਦੀ ਸਾਂਭ ਸੰਭਾਲ ਰੱਖਣ ਲਈ ਪ੍ਰੇਰਿਤ ਕਰਦਿਆਂ ਧਰਤੀ ਤੇ ਵਧ ਰਹੇ ਪ੍ਰਦੂਸ਼ਣ 'ਤੇ ਚਿੰਤਾ ਪ੍ਰਗਟ ਕੀਤੀ ਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਖਤਰੇ ਦਾ ਸੁਨੇਹਾ ਦਿੱਤਾ। ਇਸ ਦੌਰਾਨ ਬੱਚਿਆਂ ਨੇ ਵਾਤਾਵਰਨ ਨਾਲ ਸਬੰਧਤ ਪੇਂਟਿੰਗ ਤਿਆਰ ਕੀਤੀਆਂ, ਭਾਸ਼ਣ ਮੁਕਾਬਲਿਆਂ ਵਿੱਚ ਹਿੱਸਾ ਲਿਆ ਤੇ ਹੋਰ ਗਤੀਵਿਧੀਆਂ ਵਿੱਚ ਸ਼ਮੂਲੀਅਤ ਕੀਤੀ। ਡਿਪਟੀ ਡੀਈਓ ਰਾਜੇਸ਼ਵਰ ਸਲਾਰੀਆ ਨੇ ਦੱਸਿਆ ਕਿ ਜੰਗਲਾਂ ਹੇਠਲਾ ਰਕਬਾ ਘੱਟ ਹੋ ਰਿਹਾ ਸੀ ਜਿਸ ਕਰਕੇ ਗਰਮੀ ਦਾ ਦਿਨੋਂ ਦਿਨ ਵਧਨਾਂ ਸ਼ੁਰੂ ਹੋ ਗਿਆ ਹੈ। ਉਨ੍ਹਾਂ ਹਰ ਵਿਅਕਤੀ ਨੂੰ ਆਪਣੇ ਜੀਵਨ ਵਿੱਚ ਘੱਟੋ ਘੱਟ ਇੱਕ ਬੂਟਾ ਲਾਉਣ 'ਤੇ ਜ਼ੋਰ ਦਿੱਤਾ। ਇਸ ਮੌਕੇ ਲੈਕਚਰਾਰ ਕੰਸਰਾਜ, ਲੈਕਚਰਾਰ ਚੰਦਰਸ਼ੇਖਰ ਆਦਿ ਹਾਜ਼ਰ ਸਨ।

## ਸਰਕਾਰੀ ਹਾਈ ਸਕੂਲ ਬਦਰਾ 'ਚ ਸਮਰ ਕੈਂਪ ਦਾ ਆਯੋਜਨ

ਬਰਨਾਲਾ, 7 ਜੂਨ (ਪੋਸਟ ਬਿਊਰੋ) : ਸਰਕਾਰੀ ਹਾਈ ਸਕੂਲ ਬਦਰਾ ਵਿਖੇ ਲਗਾਇਆ ਗਿਆ ਸੱਤ ਰੋਜ਼ਾ ਸਮਰ ਕੈਂਪ ਸਫਲਤਾਪੂਰਵਕ ਸੰਪੰਨ ਹੋ ਗਿਆ ਹੈ। ਸਕੂਲ ਦੇ ਮੀਡੀਆ ਕੋਆਰਡੀਨੇਟਰ ਨਿਰਮਲ ਸਿੰਘ ਵਾਲੀਆ ਨੇ ਦੱਸਿਆ ਕਿ ਸਮਰ ਕੈਂਪ ਦੌਰਾਨ ਵਿਦਿਆਰਥੀਆਂ ਨੇ ਵੱਖਵੱਖ ਖੇਡਾਂ ਦਾ ਅਭਿਆਸ ਕੀਤਾ ਅਤੇ ਕੈਂਪ ਦੇ ਅਖੀਰਲੇ ਦਿਨ ਵਿਦਿਆਰਥੀਆਂ ਦੇ ਗੋਲਾ ਸੁੱਟਣ, ਲੰਬੀ ਛਾਲ, ਰੱਸੀ ਟੱਪਣਾ, ਦੌੜਾਂ, ਯੋਗ ਆਸਣ, ਰੰਗੋਲੀ ਅਤੇ ਪੋਸਟਰ ਬਣਾਉਣ ਦੇ ਮੁਕਾਬਲੇ ਕਰਵਾਏ ਗਏ। ਮਿਡਲ ਵਰਗ ਲੰਬੀ ਛਾਲ (ਲੜਕੀਆਂ) ਦੇ ਮੁਕਾਬਲੇ ਵਿੱਚ ਹਰਨੂਰ ਕੌਰ (6ਵੀਂ) ਨੇ ਪਹਿਲਾ, ਕਮਲਜੋਤ ਕੌਰ (6ਵੀਂ) ਨੇ ਦੂਜਾ ਤੇ ਪ੍ਰਭਜੋਤ ਕੌਰ (6ਵੀਂ) ਨੇ ਤੀਜਾ ਅਤੇ ਲੜਕਿਆਂ ਵਿੱਚੋਂ ਲਖਵਿੰਦਰ ਸਿੰਘ (7ਵੀਂ) ਨੇ ਪਹਿਲਾ, ਸੁਖਮਨ ਸਿੰਘ (8ਵੀਂ) ਨੇ ਦੂਜਾ ਤੇ ਇਕਬਾਲ ਸਿੰਘ (7ਵੀਂ) ਨੇ ਤੀਜਾ, ਸੈਕੰਡਰੀ ਵਰਗ ਲੜਕੀਆਂ ਵਿੱਚੋਂ ਗੁਰਜੀਤ ਕੌਰ (9ਵੀਂ) ਨੇ ਪਹਿਲਾ, ਸੁਖਦੀਪ ਕੌਰ (10ਵੀਂ) ਤੇ ਕੁਲਵਿੰਦਰ ਕੌਰ (10ਵੀਂ) ਨੇ ਦੂਜਾ ਅਤੇ ਨਵਪ੍ਰੀਤ ਕੌਰ (10ਵੀਂ) ਨੇ ਤੀਜਾ, ਗੋਲਾ ਸੁੱਟਣ ਦੇ ਮਿਡਲ ਵਰਗ ਲੜਕੀਆਂ ਵਿੱਚੋਂ ਹਰਨੂਰ ਕੌਰ (6ਵੀਂ) ਨੇ ਪਹਿਲਾ, ਸੁਖਪ੍ਰੀਤ ਕੌਰ (7ਵੀਂ) ਨੇ ਦੂਜਾ ਤੇ ਹਰਪ੍ਰੀਤ ਕੌਰ (7ਵੀਂ) ਨੇ ਤੀਜਾ, ਸੈਕੰਡਰੀ ਵਰਗ ਵਿੱਚੋਂ ਚਰਨਜੀਤ ਕੌਰ (9ਵੀਂ) ਨੇ ਪਹਿਲਾ, ਸੁਖਦੀਪ ਕੌਰ (10ਵੀਂ) ਨੇ ਦੂਜਾ ਤੇ ਕੁਲਵਿੰਦਰ ਕੌਰ (10ਵੀਂ) ਨੇ ਤੀਜਾ, ਮਿਡਲ ਵਰਗ



(ਲੜਕੇ) ਵਿੱਚੋਂ ਲਖਵਿੰਦਰ ਸਿੰਘ (7ਵੀਂ) ਨੇ ਪਹਿਲਾ, ਇਕਬਾਲ ਸਿੰਘ (7ਵੀਂ) ਨੇ ਦੂਜਾ ਤੇ ਸੁਖਮਨ ਸਿੰਘ (8ਵੀਂ) ਨੇ ਤੀਜਾ, ਸੈਕੰਡਰੀ ਵਰਗ ਦੇ ਲੰਬੀ ਛਾਲ ਤੇ ਗੋਲਾ ਸੁੱਟਣ ਵਿੱਚੋਂ ਗੁਰਸ਼ਰਨ ਸਿੰਘ (9ਵੀਂ) ਨੇ ਪਹਿਲਾ, ਲਛਮਣ ਸਿੰਘ (9ਵੀਂ) ਨੇ ਦੂਜਾ ਤੇ ਸੰਗਤਾਰ ਸਿੰਘ (8ਵੀਂ) ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਵੱਖਵੱਖ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਦੀ ਹੌਂਸਲਾ ਅਫਜ਼ਾਈ ਕਰਦਿਆਂ ਸਕੂਲ ਮੁਖੀ ਦਰਸ਼ਨ ਸਿੰਘ ਨੇ ਕਿਹਾ ਕਿ ਤੰਦਰੁਸਤੀ ਬਣਾਈ ਰੱਖਣ ਲਈ ਸਾਰੇ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਜ਼ਰੂਰ ਭਾਗ ਲੈਣਾ ਚਾਹੀਦਾ ਹੈ। ਅਖੀਰ ਵਿੱਚ ਵਿਦਿਆਰਥੀਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ। ਕੈਂਪ ਦੌਰਾਨ ਅਧਿਆਪਕ ਅਵਤਾਰ ਸਿੰਘ, ਗੁਰਜੀਤ ਕੌਰ, ਗੁਰਪਿੰਦਰ ਸਿੰਘ, ਨਿਰਮਲ ਸਿੰਘ ਵਾਲੀਆ, ਕੁਲਵਿੰਦਰ ਸਿੰਘ, ਹਰਜੀਤ ਸਿੰਘ ਜੋਗਾ ਅਤੇ ਚਿਰਜੋਤ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



## Matrimonial

ਰਿਸ਼ਤੇ ਹੀ ਰਿਸ਼ਤੇ
Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

### ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769




STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਂਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

### ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ, ਕੱਦ 5 ਫੁੱਟ 8 ਇੰਚ, ਉਮਰ 33 ਸਾਲ, ਗੋਰਾ ਰੰਗ, ਕਲੀਨ ਸ਼ੇਵਨ ਲਈ ਇਕ ਸੁੰਦਰ ਤੇ ਸੁਸ਼ੀਲ ਲੜਕੀ ਦੀ ਲੋੜ ਹੈ, ਜੋ ਕਿ ਕੈਨੇਡਾ ਵਿਚ ਰਹਿੰਦੀ ਹੋਵੇ। ਲੜਕਾ ਇਟਲੀ ਦਾ ਸਿਟੀਜਨ ਹੈ ਅਤੇ ਅੱਜਕੱਲ੍ਹ ਕੈਨੇਡਾ ਵਿਚ ਵਰਕ ਪਰਮਿਟ ਉਤੇ ਕੰਮ ਕਰ ਰਿਹਾ ਹੈ। ਸੰਪਰਕ:- 647-449-6746 (ਰਮਨੀਕ), ਈ ਮੇਲ - info4ramnik@yahoo.ca

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976

ਦੇਖੋ ਮਾਲਿਸ਼ ਦਾ ਕਮਾਲ
ਪਿੱਠ, ਗੋਡੇ, ਮੋਢੇ, ਧੌਣ, ਲੱਤਾਂ, ਕੂਹਣੀ, ਗਿੱਟੇ, ਚੂਲ੍ਹੇ ਦੀ ਕੋਈ ਵੀ ਦਰਦ ਤੋਂ ਪ੍ਰੇਸ਼ਾਨ ਹੋ ਤਾਂ ਇਕ ਨਾਮ ਨੋਟ ਕਰੋ: ਸ. ਕੇਵਲ ਸਿੰਘ Migraine, Cervical ਅਤੇ ਧਰਨ ਵਰਗੀਆਂ ਬਿਮਾਰੀਆਂ ਨੂੰ ਵੀ ਇਹ ਬਿਨਾਂ ਕਿਸੇ ਦਵਾਈ ਦਿੱਤਿਆਂ ਮਾਲਿਸ਼ ਨਾਲ ਦੋ ਦਿਨ ਵਿਚ ਘੋੜੇ ਵਾਂਗੂ ਕਰ ਦਿੰਦੇ ਹਨ। ਕਿੰਨੇ VIP ਲੋਕ ਇਨ੍ਹਾਂ ਦੇ ਹੱਥੋਂ ਮਾਲਿਸ਼ ਕਰਵਾ ਕੇ ਨੌ ਬਰ ਨੌ ਹੋ ਗਏ ਹਨ। ਜਿਆਦਾ ਜਾਣਕਾਰੀ ਲਈ ਕਾਲ ਕਰੋ:
647-927-2049

### ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9" ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

### Change of Name

**I, Kartik, son of Ramesh Kumar**, holder of Indian Passport No. K7301321, issued at Delhi, on 18/10/2012, permanent resident of Plot No. 4G Fourth Floor Birch Street Malibu Town, Sohna Road, Sector-47 Gurugram, Haryana, 122018, and presently residing at 19 Farthingale Crescent Brampton, ON L7A 1R3, do hereby change my name from **Kartik to Kartik Patpatia** with immediate effect." **Kartik Patpatia** Call: (705) 868-2818

### ਕੇਅਰ ਗਿਵਰ ਦੀ ਲੋੜ

ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:



**204-333-9000, 416-818-3777**

### ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟ੍ਰਕਟਰ
647-998-7500 ਬਲਵਿੰਦਰ






# ਦਿੱਲੀ ਏਅਰਪੋਰਟ ਲਈ ਨਿੱਜੀ ਬੱਸਾਂ ਨਾਲੋਂ ਰੋਡਵੇਜ਼ ਵੋਲਵੋ ਦੀ ਟਿਕਟ ਹਜ਼ਾਰ ਰੁਪਏ ਸਸਤੀ

ਜਲੰਧਰ, 7 ਜੂਨ (ਪੋਸਟ ਬਿਊਰੋ)- ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ ਆਰ ਟੀ ਸੀ) ਦੀਆਂ ਦਿੱਲੀ ਏਅਰਪੋਰਟ ਜਾਣ ਵਾਲੀਆਂ ਵੋਲਵੋ ਬੱਸਾਂ ਵਿੱਚ ਯਾਤਰੀ ਕਿਰਾਇਆ ਨਿੱਜੀ ਬੱਸਾਂ ਤੋਂ ਘੱਟ ਤੋਂ ਘੱਟ ਇੱਕ ਹਜ਼ਾਰ ਰੁਪਏ ਘੱਟ ਹੋ ਜਾਵੇਗਾ।ਇਸ ਸਮੇਂ ਪੰਜਾਬ ਤੋਂ ਇੰਦਰਾ ਗਾਂਧੀ ਇੰਟਰਨੈਸ਼ਨਲ ਏਅਰਪੋਰਟ (ਆਈ ਜੀ ਆਈ) ਨਵੀਂ ਦਿੱਲੀ ਤਕ ਨਿੱਜੀ ਆਪਰੇਟਰ ਆਪਣੀਆਂ ਬੱਸਾਂ ਵਿੱਚ ਪ੍ਰਤੀ ਯਾਤਰੀ ਢਾਈ ਹਜ਼ਾਰ ਰੁਪਏ ਕਿਰਾਇਆ ਲੈਂਦੇ ਹਨ। ਪੰਜਾਬ ਰੋਡਵੇਜ਼ ਅਤੇ ਪੀ ਆਰ ਟੀ ਸੀ ਨੂੰ ਆਈਜੀ ਆਈ ਏਅਰਪੋਰਟ ਨਵੀਂ ਦਿੱਲੀ ਤਕ ਵੋਲਵੋ



ਭੇਜਣ ਦੌਰਾਨ ਪ੍ਰਤੀ ਕਿਲੋਮੀਟਰ ਕਿਰਾਏ ਦੇ ਇਲਾਵਾ ਟੋਲ ਟੈਕਸ ਅਤੇ ਦਿੱਲੀ ਏਅਰਪੋਰਟ ਉੱਤੇ ਪਾਰਕਿੰਗ ਫੀਸ ਦੀ ਵੀ ਅਦਾਇਗੀ ਕਰਨੀ ਹੋਵੇਗੀ, ਜਿਸ ਨੂੰ ਯਾਤਰੀ ਕਿਰਾਏ ਵਿੱਚ ਹੀ ਐਡਜਸਟ ਕੀਤਾ ਜਾਣਾ ਹੈ।

ਇਸ ਤੋਂ ਅੰਦਾਜ਼ਾ ਲੱਗਦਾ ਹੈ ਕਿ ਪੰਜਾਬ ਰੋਡਵੇਜ਼ ਅਤੇ ਪੀ ਆਰ ਟੀ ਸੀ ਏਅਰਪੋਰਟ ਵੋਲਵੋ ਵਿੱਚ ਕਿਰ-ਾਇਆ ਪਾਰਕਿੰਗ ਫੀਸ ਦਾ ਪਤਾ ਚੱਲਣ ਦੇ ਬਾਅਦ ਹੀ ਫਾਈਨਲ ਹੋਵੇਗਾ। ਯਾਤਰੀਆਂ ਦੀ ਸਹੂਲਤ ਲਈ ਪੰਜਾਬ ਰੋਡਵੇਜ਼ ਅਤੇ ਪੀ ਆਰ ਟੀ ਸੀ ਏਅਰਪੋਰਟ ਵੋਲਵੋ ਦੀ ਆਨਲਾਈਨ ਬੁਕਿੰਗ ਕਰਨਗੀਆਂ। ਪੰਜਾਬ ਰੋਡਵੇਜ਼ ਦੇ ਅਧਿਕਾਰੀਆਂ ਮੁਤਾਬਕ ਸ਼ੁਰੂ ਵਿੱਚ ਪਰਮਿਟਾਂ ਅਨੁਸਾਰ ਹੀ ਏਅਰਪੋਰਟ ਵੋਲਵੋ ਚਲਾਈ ਜਾਵੇਗੀ, ਪ੍ਰੰਤੂ ਬਾਅਦ ਵਿੱਚ ਕੁਝ ਪਰਮਿਟ ਐਕਸਟੈਂਡ ਕਰਵਾਏ ਜਾਣਗੇ ਅਤੇ ਢਾਈ ਦਰਜਨ ਦੇ ਕਰੀਬ ਏਅਰਪੋਰਟ ਵੋਲਵੋ ਬੱਸਾਂ ਚਲਾਈਆਂ ਜਾਣਗੀਆਂ।






